ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG
1920 ਤੋਂ ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੬ ਤੋਂ ੩੦ ਅੱਸੂ ੨੦੭੫
2 To 16 Oct. 2018

ਜਿਲਦ 26
ਨੰਬਰ 23
Total Pages 48

## ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ

ਟੁੱਟੀ ਗੰਢਣ ਵਾਲਾ ਸਤਿਗੁਰ,
ਸੁੱਕੀ ਕਰ ਹਰਿਆਲੀ।
ਧਰਤੀ ਦੇ ਜ਼ਰਰੇ ਚੋਂ ਉਠਕੇ,
ਖਿੜਿਆ ਫੁੱਲ ਬਣ ਡਾਲੀ।



ਉਸ ਦੀ ਯਾਦ ਵਿੱਚ ਜੇ
ਦੋ ਘੜੀਆਂ ਜੁੜ ਜਾਉ।
ਨਿਸਚੇ ਹੀ ਪਾਉਗੇ ਮਨ ਵਿਚ
ਧੀਰਜ ਇੱਕ ਸੁਖਾਲੀ।

ਪ੍ਰਕਾਸ਼: ਅੱਸੂ ਸੁਦੀ ਤੀਜ
ਸੰਮਤ ੧੮੭੬, ਬੁੱਧਵਾਰ
ਸ੍ਰੀ ਭੈਣੀ ਸਾਹਿਬ

## ਦੂਸਰੀ ਪ੍ਰਕਾਸ਼ ਸ਼ਤਾਬਦੀ (1819-2019 ਈ.) ਨੂੰ ਸਮਰਪਿਤ



ਵਾਹੀ ਕਰੋ ਨਾ, ਮਾਲਾ ਫੇਰੋ, ਸੇਵਾ ਫਰਜ਼ ਨਿਭਾਓ,
ਸਾਂਈ ਨਾਲ ਸਾਂਝ ਹੁਣ ਜੋੜੋ, ਅਗਮ ਅੱਲਖ ਧਿਆਓ।
ਨਾਮ ਜਪੋ ਜਪਵਾਓ ਹੋਰਾਂ, ਮਨ ਇੱਛਤ ਫਲ ਪਾਓ,
ਜੋ ਕੁਝ ਆਵੇ ਵੰਡ ਵਰਤ ਕੇ ਖਾਓ ਅਤੇ ਖਵਾਓ।
ਸੁਣ ਸਤਿਗੁਰੁ ਦਾ ਹੁਕਮ ਇਲਾਹੀ, ਹੱਥ ਜੋੜ ਫੁਰਮਾਯਾ,
ਸਿਰ ਮੱਥੇ ਤੇ ਹੁਕਮ ਆਪ ਦਾ, ਰੋਮ ਰੋਮ ਹੋ ਗਾਯਾ॥

(ਪ੍ਰੀਤਮ ਸਿੰਘ ਕਵੀ)



ਉਹ ਮਰਨੋ ਮੂਲ ਨਾ ਡਰਦੇ, ਜਿਨ੍ਹਾਂ ਨੇ ਨੈਣ ਲਗਾ ਲਏ ਨੇ।
ਉਹ ਜਾਨ ਕਰਨ ਕੁਰਬਾਨ, ਜਿਨ੍ਹਾਂ ਨੇ ਦਰਸ਼ਨ ਪਾ ਲਏ ਨੇ।
ਚੌਂਕੀ ਭੈਣੀ ਸਾਹਿਬ ’ਚ ਪਾਈ, ਸਿੱਖ ਉਥੇ ਵੜਨਾ ਮਿਲੇ ਨਾ ਕਾਈ।
ਜੇ ਕੋਈ ਆਵੇ ਪਿਆਰਾ, ਮਗਰ ਸਿਪਾਹੀ ਲਾ ਲਏ ਨੇ।

ਸੰਗੀਤਾ ਚਾਰਯ:ਭਾਈ ਹਰਨਾਮ ਸਿੰਘ ਜੀ (ਚਵਿੰਡਾ)



ਗੋਰਾ ਹਾਕਮ ਆਇਆ, ‘ਬਾਬਾ ਜੀ!’ ਕਰੋ ਫੁਰਮਾਣ।
ਮੁਰੱਬੇ ਲਉ ਸਰਕਾਰ ਤੋਂ, ਤੁਸਾਂ ਕੀਤਾ ਕੰਮ ਮਹਾਨ।
ਸਤਿਗੁਰ ਨੀਤੀਵਾਨ ਨੇ, ਦਿੱਤਾ ਤੁਰਤ ਜਵਾਬ:
ਇਹ ਹੈ ਦੇਸ ਅਸਾਡਾ, ਸਾਡੀ ਭੋਂਇ ਜਮੀਨ
ਕਿਥੋਂ ਦੇ ਦਾਨੀ ਤੁਸੀਂ ਸਾਨੂੰ ਕਰੋ ਅਧੀਨ॥

ਪ੍ਰੋ: ਕਿਰਪਾਲ ਸਿੰਘ ਕਸੇਲ

# ਸਤਿਜੁਗ

੧੬ ਤੋਂ ੩੦ ਅੱਸੂ, ੨੦੭੫ ਬ੍ਰਿ.
2 ਤੋਂ 16 ਅਕਤੂਬਰ 2018 ਈ:
ਜਿਲਦ 26, ਵੀਰਵਾਰ ਨੰਬਰ 23

**ਸਤਿਜੁਗ**:ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

***Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.***

**Date of Publication: 3-10-2018,**
**Date of Posting: 4-5 Oct. 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

**Designed and Typeset**
**Vishav Namdhari sangat, Sri Bhaini sahib**
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015

# ਤਤਕਰਾ

* ਸੰਪਾਦਕੀ-- ਸਤਿਗੁਰ ਸੀਤਲ
ਸੇਵਕ ਹਰਪਾਲ ਸਿੰਘ............................................4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ.............................6
* ਉਪਦੇਸ਼: ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ................................6
* ਉਪਦੇਸ਼: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.............................7
* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ...................................8
* ਧੰਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ
ਸ੍ਰੀ ਮਤੀ ਲੀਲਾਵੰਤੀ ਜੀ........................................9
* ਗੁਰੂ ਹਰੀ ਸਿੰਘ ਜੀ ਦਾ ਨਿਤ-ਕਰਮ
ਕਵੀ ਪ੍ਰੀਤਮ ਸਿੰਘ..........................................10
* ਬਾਬਾ ਜੱਸਾ ਸਿੰਘ ਦਾ ਅੰਤ ਸਮਾਂ
ਸੰਤੋਖ ਸਿੰਘ ਬਾਹੋਵਾਲ ............................................13
* ਸੰਤ ਸਤਿਗੁਰੂ
ਰਾਜਿੰਦਰ ਸਿੰਘ ਗੁਰੂਸਰ..........................................14
* ਕੂਕਾ ਸੰਗਰਾਮ ਦਾ ਸਿਰਨਾਵਾਂ...
ਸੁਵਰਨ ਸਿੰਘ ਵਿਰਕ ............................................16
* ਸੰਤ ਕਬੀਰ ਸਿੰਘ ਜੀ 'ਕਬੀਰ'
ਗੁਰਮੁਖ ਸਿੰਘ....................................................18
* ਹਾਨੀਕਾਰਕ ਹੋ ਸਕਦਾ ਟੁੱਥ ਪੇਸਟ?
ਲਖਵੀਰ ਸਿੰਘ ਨਾਮਧਾਰੀ....................................22
* The Times of Sri Satguru Hari Singh Ji
Dr.Alla Singh...........................................**24**
* ਕਾਵਿ ਕਿਆਰੀ .......................................................28
* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ........ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ...................30
* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ.............................32
* ਸੁੱਚੇ ਮੋਤੀ ..........................................................35
* ਬੱਚਿਆਂ ਦਾ ਪੰਨਾ.......................................................36
* ਖ਼ਬਰਨਾਮਾ...............................................................37

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਸਤਿਗੁਰ-ਸੀਤਲ

ਸਤਿਗੁਰੂ ਸੀਤਲਤਾ ਦਾ ਸ਼ਾਂਤੀ ਦਾ ਅਤੇ ਪ੍ਰੇਮ ਦਾ ਸੋਮਾ ਹੁੰਦਾ ਹੈ ਜਿਸਦੀ ਚਰਨ ਸਰਨ ਵਿਚ ਆਕੇ ਆਤਮਿਕ ਸ਼ਾਂਤੀ ਪ੍ਰਾਪਤ ਹੁੰਦੀ ਹੈ। ਰਾਗ ਬਿਲਾਵਲ ਵਿਚ ਪੰਚਮ ਪਾਤਸ਼ਾਹ ਦਾ ਵਾਕ ਹੈ-

ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ॥
ਸੁਖ ਉਪਜੇ ਬਾਜੇ ਅਨਹਦ ਤੂਰੇ॥ -ਅੰਕ 806

ਬੇਸ਼ਕ ਸਤਿਗੁਰੂ ਦੇ ਦੋਵੇਂ ਸਰੂਪ ਹੁੰਦੇ ਹਨ- ਤੇਜੱਸਵੀ ਰੂਪ ਅਤੇ ਸ਼ਾਂਤ ਸਰੂਪ। ਅਕਾਲ ਪੁਰਖ ਦੇ ਵੀ ਦੋਵੇਂ ਹੀ ਸਰੂਪ ਹਨ। 'ਨਮੋ ਕਲਹ ਕਰਤਾ॥ ਨਮੋ ਸਾਂਤ ਰੂਪੇ॥' ਸਾਹਿਬ ਗੁਰੂ ਹਰਿਗੋਬਿੰਦ ਜੀ, ਦਸਮੇਸ਼ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਤੇਜੱਸਵੀ ਰੂਪ ਅਤੇ ਗੁਰੂ ਅਰਜਨ ਦੇਵ, ਸਤਿਗੁਰੂ ਤੇਗ ਬਹਾਦਰ ਜੀ, ਸਤਿਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਵਾਂਗ ਸ਼ਾਂਤ ਸਰੂਪ।

ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥

ਸਮੇਂ ਦੀ ਲੋੜ ਅਨੁਸਾਰ, ਸ੍ਰਿਸ਼ਟੀ ਦੇ ਕਲਿਆਣ ਵਾਸਤੇ ਸਤਿਗੁਰੂ ਕਦੇ ਸੰਤ ਸਰੂਪ ਧਾਰਦਾ ਹੈ ਅਤੇ ਕਦੇ ਸਿਪਾਹੀ ਰੂਪ। ਰਾਜ ਅਤੇ ਜੋਗ, ਭਗਤੀ ਅਤੇ ਸ਼ਕਤੀ ਦਾ ਸੁਮੇਲ ਹੈ- ਗੁਰੂ ਨਾਨਕ ਦਾ ਇਲਾਹੀ ਤਖ਼ਤ। ਜੋਤ ਕੇ ਜਾਮੇ, ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਕਾਸ਼ ਪੁਰਬ ਇਸ ਵਰ੍ਹੇ ੨੫ ਅੱਸੂ (11ਅਕਤੂਬਰ) ਦਿਨ ਵੀਰਵਾਰ ਆ ਰਿਹਾ ਹੈ। ਇਸ ਪ੍ਰਕਾਸ਼ ਪੁਰਬ ਤੋਂ ਸਤਿਗੁਰੂ ਹਰੀ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ ਆਰੰਭ ਹੋ ਰਹੀ ਹੈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਪੰਥ ਵੱਲੋਂ ਇਹ ਸ਼ਤਾਬਦੀ ਬੜੇ ਉਤਸ਼ਾਹ ਨਾਲ ਮਨਾਈ ਜਾਵੇਗੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਰਾਤਾ ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਕਾਸ਼ ਸ੍ਰੀ ਭੈਣੀ ਸਾਹਿਬ ਪਿਤਾ ਜੱਸਾ ਸਿੰਘ ਜੀ ਅਤੇ ਮਾਤਾ ਸਦਾ ਕੌਰ ਦੇ ਗ੍ਰਿਹ ਵਿਖੇ ਅੱਸੂ ਸੁਦੀ ਤੀਜ ਸੰਮਤ 1876 ਬ੍ਰਿ. (ਸੰਨ 1819ਈ.) ਬੁੱਧਵਾਰ ਨੂੰ ਹੋਇਆ। ਇਸ ਲਈ ਮਾਪਿਆਂ ਨੇ ਬੁੱਧ ਸਿੰਘ ਨਾਂ ਰੱਖਿਆ ਜੋ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਉਪਰੰਤ ਆਪ ਜੀ ਦੇ ਹੁਕਮ- "ਅੱਜ ਤੋਂ ਇਸਦਾ ਨਾਮ ਹਰੀ ਸਿੰਘ ਹੋਇਆ, ਇਹ ਸਿੱਖੀ ਨੂੰ ਹਰੀ ਰੱਖੇਗਾ।" ਅਨੁਸਾਰ-ਸਤਿਗੁਰੂ ਹਰੀ ਸਿੰਘ ਨਾਮ ਹੋਇਆ।

ਜਿਵੇਂ ਬਹੁਤ ਗਰਮੀ ਸਮੇਂ ਸਾਨੂੰ ਪੀਣ ਵਾਸਤੇ ਅਤੇ ਨਹਾਉਣ ਵਾਸਤੇ ਠੰਡੇ ਜਲ ਦੀ ਜ਼ਰੂਰਤ ਹੁੰਦੀ ਹੈ।- ਏਸੇ ਤਰ੍ਹਾਂ ਸਤਿਗੁਰੂ ਹਰੀ ਸਿੰਘ ਜੀ ਦਾ ਸਮਾਂ ਅਤਿ ਸਖਤੀਆਂ ਦਾ ਦੌਰ ਸੀ। ਜ਼ਾਲਮ-ਵਿਦੇਸ਼ੀ ਹਾਕਮ ਅੰਗਰੇਜ਼ ਦਾ ਰਾਜ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਰਵਾਸਨ ਉਪਰੰਤ ਨਾਮਧਾਰੀ ਪੰਥ ਤੇ ਦਮਨ ਚੱਕਰ ਚੱਲਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਪ੍ਰਮੁੱਖ ਸੂਬੇ ਜਲਾਵਤਨ ਅਤੇ ਦੂਰ ਦੁਰੇਡੇ ਕਿਲ੍ਹਿਆਂ ਵਿਚ ਨਜ਼ਰਬੰਦ, ਸ੍ਰੀ ਭੈਣੀ ਸਾਹਿਬ ਦੀ ਤਲਾਸ਼ੀ, ਸਤਿਗੁਰੂ ਜੀ ਦੇ ਨਿਵਾਸ ਸਥਾਨ ਦੀ ਖੁਦਾਈ, ਸ੍ਰੀ ਭੈਣੀ ਸਾਹਿਬ ਸਥਾਈ ਪੁਲਿਸ ਚੌਂਕੀ ਜੋ ਇਕਵੰਜਾ ਵਰ੍ਹੇ ਨਾਮਧਾਰੀ ਸਿੱਖਾਂ ਤੇ ਜ਼ੁਲਮ ਕਰਦੀ ਰਹੀ, ਨਾਮਧਾਰੀ ਸਿੱਖ ਪਿੰਡੋ-ਪਿੰਡੀ ਨਜ਼ਰਬੰਦ, ਸਰਕਾਰੀ ਆਗਿਆ ਬਿਨਾ ਇੱਕ ਪਿੰਡ ਤੋਂ ਦੂਜੇ ਪਿੰਡ ਜਾਣ ਦੀ ਵੀ ਮਨਾਹੀ, ਸ੍ਰੀ ਭੈਣੀ ਸਾਹਿਬ ਵਿੱਚ ਇੱਕ ਦਿਨ ਵਿੱਚ ਪਹਿਲਾਂ ਪੰਜ ਅਤੇ ਕੁਝ ਸਮੇਂ

ਬਾਅਦ 10 ਸਿੰਘ ਦਰਸ਼ਨ ਕਰਨ ਆ ਸਕਦੇ ਸਨ। ਫੇਰ ਸਾਲ ਭਰ ਨਹੀਂ ਆ ਸਕਦੇ, ਸਾਰਾ ਨਾਮਧਾਰੀ ਪੰਥ ਜ਼ੁਰਾਇਮ ਪੇਸ਼ਾ ਕਰਾਰ ਕਰ ਦੇ ਦਿੱਤਾ। ਅੰਗਰੇਜ਼ ਸਰਕਾਰ ਤੋਂ ਬਿਨਾਂ ਗੁਰਦੁਆਰਿਆਂ ਦੇ ਮਹੰਤ ਅਤੇ ਦੇਸੀ ਰਾਜੇ ਰਜਵਾੜੇ ਵੀ ਹਾਕਮਾਂ ਦੀ ਖੁਸ਼ੀ ਲੈਣ ਲਈ ਨਾਮਧਾਰੀ ਸਿੱਖਾਂ ਦੇ ਦੁਸ਼ਮਣ ਬਣ ਗਏ। ਅਜਿਹੀ ਸਥਿਤੀ ਵਿੱਚ ਸਤਿਗੁਰੂ ਰਾਮ ਸਿੰਘ, ਮਹਾਰਾਜ ਬੁੱਧ ਸਿੰਘ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਜੀ 1874 ਈ. ਵਿੱਚ ਝੜਾਈ ਕਰ ਗਏ। ਸਤਿਗੁਰੂ ਰਾਮ ਸਿੰਘ ਜੀ ਦਾ ਪਤਾ ਨਹੀਂ ਸੀ ਲੱਗ ਰਿਹਾ ਸੀ ਕਿ ਇਲਾਹਾਬਾਦ ਤੋਂ ਕਿਥੇ ਲੈ ਗਏ ਹਨ। 1875 ਈ. ਵਿਚ ਪਤਾ ਲੱਗਣ ਤੇ ਮਹਾਰਾਜ ਬੁੱਧ ਸਿੰਘ ਜੀ ਦੇ ਹੁਕਮ ਅਨੁਸਾਰ ਬਾਬਾ ਦਰਬਾਰਾ ਸਿੰਘ ਜੀ (ਰਾਇਪੁਰ) ਰੰਗੂਨ ਦਰਸ਼ਨ ਕਰਨ ਪੁੱਜੇ। ਇਸ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਕੁਝ ਪੱਤਰ ਸਰਕਾਰ ਰਾਂਹੀ ਸ੍ਰੀ ਭੈਣੀ ਸਾਹਿਬ ਭੇਜੇ, ਪਰ ਸਰਕਾਰ ਨੇ ਅੱਗੇ ਨਾ ਪੁਚਾਏ। ਸਰਕਾਰ ਨਹੀਂ ਚਾਹੁੰਦੀ ਸੀ ਕਿ ਸਤਿਗੁਰੂ ਜੀ ਦਾ ਪੰਜਾਬ ਵਿਚ ਉਨ੍ਹਾਂ ਦੇ ਸਿੱਖਾਂ ਸੇਵਕਾਂ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ ਸਥਾਪਿਤ ਹੋਵੇ। ਪਰ ਬਾਬਾ ਦਰਬਾਰਾ ਸਿੰਘ ਦਰਸ਼ਨ ਕਰਕੇ ਹੁਕਮਨਾਮਾ ਲਿਆਉਣ ਵਿਚ ਕਾਮਯਾਬ ਹੋ ਗਏ। ਇਸ ਹੁਕਮਨਾਮੇਂ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਭਰਾਤਾ ਬੁੱਧ ਸਿੰਘ ਜੀ ਬਾਰੇ ਲਿਖਿਆ- "ਇਸ ਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ। ਇਹ ਸਿੱਖੀ ਨੂੰ ਹਰੀ ਰੱਖੇਗਾ। ਮੇਰੇ ਧੱਕੇ ਨੂੰ ਇਹ ਬਖਸ਼ ਲਵੇਗਾ, ਇਹਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ।" ਇਸ ਤਰ੍ਹਾਂ ਪੰਥ ਦੀ ਅਤੇ ਆਜ਼ਾਦੀ ਸੰਗਰਾਮ ਦੀ ਵਾਗਡੋਰ ਸਤਿਗੁਰੂ ਹਰੀ ਸਿੰਘ ਜੀ ਨੂੰ ਸੌਂਪੀ ਗਈ। ਭਾਈ ਧਿਆਨ ਸਿੰਘ ਜੀ ਕਾਦਰਾਬਾਦੀ ਸਤਿਗੁਰੂ ਬਿਲਾਸ ਵਿੱਚ ਤ੍ਰੇਤ੍ਰੇ ਯੁਗ ਦੇ ਅਵਤਾਰ ਭਗਵਾਨ ਰਾਮ ਚੰਦ੍ਰ ਜੀ ਤੇ ਭਰਤ ਜੀ ਨਾਲ ਅਤੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਨਾਲ ਤੁਲਨਾ ਕਰਦੇ ਹੋਏ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਲਿਖਦੇ ਹਨ-

ਬੁੱਧ ਹਰਿ ਕਰ ਸਿਧ ਗੁਰ ਦਈ ਸਭ ਦਏ। ਹਰੀ ਹਰਿ ਹਰੀ ਕਰੀ ਸੋਚ ਸਭਦਾ॥

ਅਤੇ

ਰਾਮ ਭ੍ਰਾਤ ਜੁਗੋ ਜੁਗ ਆਤ ਭੇ, ਮਾਨ ਸੁ ਵਾਕ ਫਰਾਕ ਲੱਹਯਾ।
ਲਹਿਣੇ ਸਮਾਂ ਲੀਓ ਕਹਿਣੇ ਕਮਾ ਰੰਗ, ਸੰਗ ਗੁਰੂ ਲਗ ਅੰਮ ਹੁਵੱਯਾ॥

ਸਤਿਗੁਰੂ ਹਰੀ ਸਿੰਘ ਜੀ ਨੇ ਸਰਕਾਰੀ ਦਮਨ ਚੱਕਰ ਦੇ ਦੌਰਾਨ ਸਿੱਖਾਂ ਨੂੰ ਨਾਮ ਬਾਣੀ ਨਾਲ ਜੋੜੀ ਰੱਖਿਆ। ਆਜ਼ਾਦੀ ਦੀ ਜੋਤ ਨੂੰ ਜਗਦੀ ਰੱਖਿਆ। ਆਪ ਜੀ ਇੱਥੋਂ ਦੇ ਹਾਲ ਹਵਾਲ ਲਿਖਕੇ ਸਿੱਖਾਂ ਰਾਂਹੀ ਸਤਿਗੁਰੂ ਰਾਮ ਸਿੰਘ ਜੀ ਪਾਸ ਭੇਜਦੇ। ਰੰਗੂਨ ਤੋਂ ਆਏ ਹੁਕਮਨਾਮਿਆਂ ਦੇ ਉਤਾਰੇ ਕਰਵਾ ਕੇ ਸੰਗਤਾਂ ਤੱਕ ਪੁਚਾਉਂਦੇ। ਇਥੋਂ ਤੱਕ ਕਿ ਰੂਸ ਦੀ ਮਦਦ ਲੈ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਗੋਂਦਾਂ ਗੁੰਦੀਆਂ ਗਈਆਂ। ਰੰਗੂਨ ਸਤਿਗੁਰੂ ਰਾਮ ਸਿੰਘ ਜੀ ਅਤੇ ਰੂਸ ਦੇ ਹਾਕਮਾਂ ਵਿਚਕਾਰ ਸਤਿਗੁਰੂ ਹਰੀ ਸਿੰਘ ਜੀ ਨੇ ਸੰਪਰਕ ਸੂਤਰ ਦਾ ਕੰਮ ਕੀਤਾ। ਅਤਿ ਸ਼ਖਤੀਆਂ ਦੇ ਦੌਰ ਵਿੱਚ ਅਤੇ ਵਿਪਰੀਤ ਪ੍ਰਸਥਿਤੀਆਂ ਵਿੱਚ ਵੀ ਆਪ ਨੇ ਆਜ਼ਾਦੀ ਸੰਗਰਾਮ ਨੂੰ ਪ੍ਰਚੰਡ ਕੀਤਾ। ਕਿਸੇ ਵੀ ਤਰ੍ਹਾਂ ਜ਼ੁਲਮ ਦੇ ਅੱਗੇ ਝੁਕੇ ਨਹੀਂ ਸਗੋਂ ਆਪਣੇ ਅਕੀਦੇ ਤੇ ਅਡੋਲ ਰਹੇ। ਸਤਿਗੁਰੂ ਰਾਮ ਸਿੰਘ ਜੀ ਦਾ ਸਦਾ ਵਰਤਾ ਲੰਗਰ ਜਾਰੀ ਰੱਖਿਆ। 1898-99ਈ. ਬਾਗੜ ਦੇ ਕਾਲ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਹਜ਼ਾਰਾਂ ਕਾਲ ਪੀੜਤਾਂ ਨੂੰ ਰੱਜਵਾਂ ਲੰਗਰ ਮਿਲਦਾ ਰਿਹਾ। ਜਦੋਂ ਸ੍ਰੀ ਭੈਣੀ ਸਾਹਿਬ ਲੰਗਰ ਦੀ ਸੋਭਾ ਸੁਣਕੇ ਅੰਗਰੇਜ਼ ਹਾਕਮ ਨੇ ਆ ਕੇ ਕਿਹਾ- "ਤੁਸੀਂ ਬਹੁਤ ਚੰਗਾ ਕੰਮ ਕਰ ਰਹੇ ਹੋ। ਮੈਂ ਲੰਗਰ ਵਾਸਤੇ ਸੌ ਮੁਰੱਬਾ (2500ਏਕੜ) ਜ਼ਮੀਨ ਅਲਾਟ ਕਰ ਦਿੰਦਾ ਹਾਂ।"

ਸਤਿਗੁਰੂ ਜੀ ਦਾ ਉੱਤਰ ਸੀ, 'ਅਸੀਂ ਸੌ ਮੁਰੱਬਾ ਲੈ ਕੇ ਮੰਨ ਲਈਏ ਕਿ ਬਾਕੀ ਭਾਰਤ ਤੁਹਾਡਾ ਹੈ। ਇਹ ਜ਼ਮੀਨ ਸਾਡੀ ਹੈ, ਸਾਡਾ ਦੇਸ਼ ਹੈ, ਜਦੋਂ ਲਵਾਂਗੇ ਤਾਂ ਸਾਰਾ ਦੇਸ਼ ਹੀ ਲਵਾਂਗੇ।'

ਆਪ ਦੇ ਸਮੇਂ ਵਿੱਚ ਹਜ਼ਾਰਾਂ ਅਖੰਡ ਪਾਠ ਅਤੇ ਸਧਾਰਨ ਪਾਠ ਹੋਏ। ਅਖੰਡ ਪਾਠ ਕਰਨ ਦੇ ਦੋਸ਼ ਵਿਚ ਨਾਮਧਾਰੀ ਸਿੱਖਾਂ ਨੂੰ ਸਜਾਵਾਂ ਹੋਈਆਂ। ਕੁਝ ਜੇਲ ਵਿਚ ਹੀ ਸ਼ਹੀਦ ਹੋ ਗਏ। ਕੁਝ ਸਖ਼ਤੀਆਂ ਘਟੀਆਂ ਤੇ ਆਪ ਜੀ ਨੇ ਕੁਝ ਵਰ੍ਹੇ ਦੌਰੇ ਵੀ ਕੀਤੇ, ਛੇ ਹੋਲੇ ਮਹੱਲੇ ਵੀ ਆਪ ਜੀ ਦੇ ਸਮੇਂ ਵਿੱਚ ਹੋਏ। ਸਤਿਗੁਰੂ ਹਰੀ ਸਿੰਘ ਜੀ ਦਾ ਸਮਾਂ ਅਠਾਰਵੀਂ ਸਦੀ ਦੇ ਸਿੱਖ ਸੰਘਰਸ਼ ਵਰਗਾ ਸਮਾਂ ਸੀ- ਆਪ ਨੇ ਜ਼ਬਰ ਦਾ ਟਾਕਰਾ ਸਬਰ ਨਾਲ ਕੀਤਾ। ਧੀਰਜ, ਨਿਮਰਤਾ, ਸਹਿਨਸ਼ੀਲਤਾ ਹੀ ਆਪਦੀ ਸ਼ਕਤੀ ਸੀ ਜਿਸ ਬਾਰੇ ਸੋਰਠਿ ਰਾਗ ਵਿੱਚ ਪੰਚਮ ਪਾਤਸ਼ਾਹ ਦਾ ਫੁਰਮਾਣ ਹੈ-


ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥ ਇਸੁ ਆਗੈ ਕੋ ਨ ਟਿਕੈ ਵੇਕਾਰੀ॥

ਆਪ ਨੇ ਖ਼ਿਮਾ ਅਤੇ ਨਿਮਰਤਾ ਨਾਲ ਵਿਕਾਰਾਂ ਦਾ ਨਾਸ ਕੀਤਾ ਪਰ ਹਰ ਸਮੇਂ ਆਪ ਆਪਣੇ ਭਰਾਤਾ ਸਤਿਗੁਰੂ ਰਾਮ ਸਿੰਘ ਜੀ ਦੇ ਵਿਯੋਗ ਵਿਚ ਰਹੇ। ਸੰਤ ਧਿਆਨ ਸਿੰਘ ਜੀ ਦੇ ਸ਼ਬਦਾਂ ਵਿਚ-

ਸੁਖ ਰਾਜ ਭੋਗ ਮਾਹਿ, ਰਹੇ ਸੋ ਵਿਯੋਗ ਮਾਹਿ॥ ਬਿਰਹੋਂ ਬੁਰੇ ਰੋਗ ਮਾਹਿ, ਨੇਤ੍ਰ ਗਵਾਇ ਲੇ॥

11 ਅਕਤੂਬਰ 2018 ਤੋਂ ਸਤਿਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਆਰੰਭ ਹੋ ਰਹੀ ਹੈ। ਇਹ ਪੂਰਾ ਵਰ੍ਹਾ ਅਕਤੂਬਰ 2019 ਤੱਕ ਨਾਮਧਾਰੀ ਪੰਥ ਵੱਲੋਂ ਉਚੇਚੇ ਤੌਰ ਤੇ ਮਨਾਇਆ ਜਾਵੇਗਾ- ਅਦਾਰਾ ਸਤਿਜੁਗ ਵੀ ਸਤਿਗੁਰੂ ਹਰੀ ਸਿੰਘ ਜੀ ਦੇ ਸੰਘਰਸ਼ ਮਈ ਜੀਵਨ ਬਾਰੇ ਆਪਣੇ ਪਾਠਕਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰੇਗਾ। **- ਹਰਪਾਲ ਸਿੰਘ ਸੇਵਕ**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



**੧ੴ ਸਤਿਗੁਰ ਪ੍ਰਸਾਦਿ।**


ਲਿਖਤੋ ਦਿਆਲ ਸਿੰਘ ਜੋਗ ਉਪਮਾ ਭਾਈ ਹਰੀ ਸਿੰਘ ਜੀ, ਬਸੰਤ ਸਿੰਘ, ਸੂਰਤਿ ਸਿੰਘ, ਹਰਿਨਾਮ ਸਿੰਘ, ਨਰੈਣ ਸਿੰਘ, ਦਰਬਾਰਾ ਸਿੰਘ, ਸੋਭਾ ਸਿੰਘ.......

ਹੋਰ ਅਸੀ ਅਨੰਦ ਹਾ ਸਰਬਤ ਸੰਗਤਿ ਕੀ ਸੁਖ ਅਨੰਦ ਸਿਰੀ ਗੁਰੂ ਸਾਹਿਬ ਪਾਸੋ ਹਮੇਸਾ ਮੰਗਦੇ ਹਾ। ਹੋਰ ਸਾਨੂ ਕੋਈ ਦੁਖ ਨਹੀ ਇਕ ਸੰਗਤਿ ਦੇ ਵਿਛੋੜੇ ਦਾ ਦੁਖ ਹੈ, ਸੰਗਤਿ ਨੂ ਬੀ। ਸੋ ਜੀ ਸਾਰੇ ਗੁਰੂ ਜੀ ਅਗੇ ਬੇਨਤੀ ਕਰੋ ਤਾ ਇਹ ਦੁਖ ਕਟਿਆ ਜਾਊਗਾ। ਗੁਰੂ ਦਾ ਬਿਰਦੁ ਪਤਿਤ ਪਾਵਨ ਹੈ। .....

ਅਰ ਜੋ ਪੂਛਾ ਹੈ ਤੁਸੀ ਕਿਥੇ ਕਿਥੇ ਰਹੇ, ਅਸੀ ਦੋ ਮਹੀਨੇ ਕੋਈ ਦਿਨ ਘਟ ਬਧ ਪਰਾਗ ਰਹੇ। ਪਰਾਗੋ ਜਾ ਕੇ ਪੰਜ ਮਹੀਨੇ ਜੇਲਖਾਨੇ ਮੈ ਰਹੇ। ਓਥੇ ਜਾਗਾ ਤਾ ਖੁਲੀ ਥੀ ਪਰ ਗਰਮੀ ਥੀ। ਫੇਰ ਹੁਣ ਏਥੇ ਹਾ ਜਿਥੇ ਸਿੰਘ ਦੇਖ ਜਾਦੇ ਹੈਨ। ਇਕੇ ਥਾ ਪਲੰਘ ਲਗਾ ਹੋਇਆ ਹੈ। ਪਰਾਗੋ ਤੁਰਕੇ ਰਸਤੇ ਮੈ ਕਿਤੇ ਨਹੀ ਉਤਾਰੇ, ਏਥੇ ਹੀ ਆਨ ਉਤਾਰੇ ਜਿਥੇ ਹਾ॥ ।

ਹੋਰ ਭਾਈ ਸਭ ਨੇ ਭਜਨ ਬਾਣੀ ਕਰਨਾ ਤਕੜੇ ਹੋਕੇ ਨਹੀ ਤਾ ਭਾਈ ਏਹ ਪੂਜਾ ਦਬਾਇ ਲੈਦੀ ਹੈ। ਬਿਨਾ ਭਜਨੁ ਮਤ ਮਾਰ ਲੈਦੀ ਹੈ। ਦੇਖ ਲੇਓ ਤੁਮਾਰੇ ਸਾਮ੍ਹਣੇ ਪੁਜਾਰੀਆ ਦੀ ਏਸੇ ਕਰਕੇ ਮਤ ਮਾਰੀ ਗਈ ਹੈ। ਜੋ ਪੂਜਾ ਖਾ ਕੇ ਭਜਨ ਨਹੀ ਕੀਤਾ, ਤਾ ਹੀ ਤੇ ਗੁਰਮੁਖੀ ਚਾਲ ਕੋ ਕਲਾਮ ਬਕ ਉਠੇ ਵਡੇ ਛੋਟੇ।

# ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



ਸਵੈਯਾ। ਰਾਮ ਭਾਤ ਜੁਗੋ ਜੁਗ ਆਤ ਭੇ,
ਸਤਿਗੁਰੂ-ਰਾਮ ਚੰਦ੍ਰ ਜੀ, ਭਰਤ ਜੀ-ਇਕੱਠੇ ਆਉਂਦੇ ਰਹੇ ਜੁਗੋ ਜੁਗ।
ਮਾਨ ਸੁ ਵਾਕ ਫਰਾਕ ਲਹੱਯਾ।

ਉਸ ਵੇਲੇ ਵੀ, ਭਰਤ ਜੀ ਦੀ ਹਾਲਤ- ਜਿਸ ਵੇਲੇ ਖੜਾਵਾਂ ਦੇ ਕੇ ਮੋੜਿਆ ਰਾਮ ਚੰਦ੍ਰ ਜੀ ਨੇ-ਹੁਕਮ ਨਹੀਂ ਮੋੜਿਆ, ਮੁੜ ਪਏ। ਭਰਤ ਜੀ ਦੀ ਬਾਬਤ ਲਿਖਿਆ ਹੈ ਕਿ ਖੜਾਵਾਂ ਸਿਰ ਉੱਤੇ ਧਰ ਲਈਆਂ, ਲੈ ਕੇ ਆ ਗਏ। ਆ ਕੇ ਤਖਤ ਉੱਤੇ ਖੜਾਵਾਂ ਰੱਖ ਦਿੱਤੀਆ, ਆਪ ਭੁੰਜੇ ਬਹਿਣਾ। ਰਾਤ ਨੂੰ ਟੋਆ ਪੁੱਟਿਆ ਹੋਇਆ, ਜਿੱਥੇ ਲੰਮੇ ਪੈਣਾ, ਕਹਿਣਾ -ਦਾਸ ਦਾ ਕੰਮ ਨਹੀਂ ਬਰਾਬਰੀ ਗੁਰੂ ਦੀ ਕਰਨੀ। ਰਾਮ ਚੰਦ੍ਰ ਜੀ ਧਰਤੀ ਉੱਤੇ ਸੌਂਦੇ ਹਨ-ਮੈਂ ਬਰਾਬਰ ਸੌਵਾਂ।

ਇਹ ਚੀਜ਼-ਭਾਈ ਸੱਦਾ ਸਿੰਘ ਹੁਰੀਂ ਅੰਮ੍ਰਿਤਸਰੋਂ ਮੈਨੂੰ ਯਾਦ ਹੈ-ਇੱਕ ਅਰਾਮ ਕੁਰਸੀ ਬਣਾ ਕੇ ਲਿਆਏ, ਗੁਰੂ ਹਰੀ ਸਿੰਘ ਜੀ ਦੇ ਕੋਲ। ਆਖਣ ਲੱਗੇ, ''ਭਾਈ ਸਤਿਗੁਰ ਆਉਣਗੇ ਤੇ ਬੈਠਣਗੇ। ਅਸੀਂ ਨਹੀਂ ਇਹਦੇ ਤੇ ਬਹਿਣਾ।'' ਕਹਿੰਦੇ ਨੇ-ਰਾਮ ਤੇ ਭਰਤ ਜੀ ਭ੍ਰਾਤ ਜੁਗੋ ਜੁਗ ਆਉਂਦੇ ਭਏ।

ਲਹਿਣੇ ਸਮਾਂ ਲੀਓ ਕਹਿਣੇ ਕਮਾ ਰੰਗ,

ਲਹਿਣੇ ਨੇ ਜਿਹੜਾ ਸਮਾਂ ਲਿਆ, ਲਹਿਣੇ ਨੇ ਕਹਿਣੇ ਨੂੰ ਕਮਾਇਆ ਗੁਰੂ ਨਾਨਕ ਦੇ ਨੂੰ, ਲਹਿਣੇ ਸਮਾਨ ਸਤਿਗੁਰੂ ਹਰੀ ਸਿੰਘ ਜੀ ਨੇ ਕਹਿਣੇ ਨੂੰ ਕਮਾਇਆ, ਜੋ ਹੁਕਮ ਦਿੱਤਾ। ਬਚਨ ਕਰਦੇ ਹੁੰਦੇ ਸੀ, ''ਬਚਪਨ ਤੋਂ ਲੈ ਕੇ

ਹੀ ਜੋ ਸਤਿਗੁਰੁ ਸਾਨੂੰ ਬਚਨ ਕਰਦੇ ਸੀ, ਅਸੀਂ ਕਦੇ ਨਹੀਂ ਸੀ ਮੋੜਿਆ।

ਸੰਗ ਗੁਰੂ ਲਗ ਅੰਗ ਹੁਵੱਯਾ।

ਦੇਖੋ, ਸੰਤ ਜੀ ਦੀ ਕਵਿਤਾ 'ਚ ਕੈਸੀ ਚੀਜ਼ ਹੈ, ਧਿਆਨ ਦੇਣ ਦੀ ਲੋੜ ਹੈ-ਨਾਓ ਨਹੀਂ ਨਾ ਬਦਲਿਆ ਸੀ ਹੋਰ ਕਿਸੇ ਗੁਰੂ ਦਾ। ਲਹਿਣੇ ਦਾ ਨਾਓ ਬਦਲ ਕੇ ਅੰਗਦ ਹੋਇਆ ਸੀ। ਇਥੇ ਬੁੱਧ ਸਿੰਘ ਬਦਲ ਕੇ ਹਰੀ ਸਿੰਘ ਹੋਇਆ। ਕਹਿੰਦੇ ਨੇ ਉਸੇ ਤਰ੍ਹਾਂ ਹੀ ਕਹਿਣੇ ਨੂੰ ਕਮਾਇਆ, ਹੁਕਮ ਨਹੀਂ ਮੋੜਿਆ, ਅੰਗ ਦੇ ਨਾਲ ਲੱਗ ਕੇ ਅੰਗਦ ਬਣ ਗਏ, ਹਰੀ ਸਿੰਘ ਹੋ ਗਏ।

ਨ ਧਕੇ ਜਿਸਕੇ ਕੋ ਸੁ ਰਾਮ ਰਖੈ ਹੈ,

ਜਿਸ ਦੇ ਧੱਕੇ ਹੋਏ ਨੂੰ ਰਾਮ ਨਾ ਰੱਖੇ। ਸਤਿਗੁਰਾਂ ਕਿਹਾ ਸੀ, ''ਇਹਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ, ਮੇਰੇ ਧੱਕੇ ਨੂੰ ਇਹ ਬਖਸ਼ ਸਕਦਾ ਹੈ। ਜਿਹਦੇ ਧੱਕੇ ਨੂੰ ਰਾਮ ਭੀ ਨਹੀਂ ਰੱਖ ਸਕਦਾ।

ਜੋ ਰਾਮ ਧਕੇ ਸੋ ਭਿ ਰਾਖ ਸਕੱਯਾ।

ਜੋ ਰਾਮ ਦੇ ਧੱਕੇ ਹੋਏ ਨੂੰ ਰੱਖ ਸਕਦਾ ਹੈ।


ਤਾਹਿ ਅਨੇਕ ਨਮੋ ਕਰ ਹੋਂ,

ਉਨ੍ਹਾਂ ਨੂੰ ਮੇਰੀ ਅਨੇਕ ਵਾਰ ਨਮਸਕਾਰ ਹੈ।

ਜੋਊ ਦਾਸਨ ਪਾਪ ਕੇ ਆਪ ਸਹੱਯਾ ॥3॥

ਜੋ ਦਾਸਾਂ ਦੇ ਪਾਪ ਹਟਾਉਣ ਵਾਲਾ ਹੈ, ਆਪਣੇ ਆਪ ਉੱਤੇ ਝੱਲਦਾ ਹੈ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਸ੍ਰੀ ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ, ਖ਼ਿਮਾਂ ਤੇ ਜਿਨਾਂ ਦਾ ਰਾਜ ਸੀ। ਜਿਸ ਖਿਮਾਂ ਵਾਸਤੇ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਨੇ ਲਿਖਿਆ ਹੈ "ਗਰੀਬੀ ਗਦਾ ਹਮਾਰੀ। ਖੰਨਾ ਸਗਲ ਰੇਨੁ ਛਾਰੀ। ਇਸੁ ਆਗੈ ਕੋ ਨ ਟਿਕੈ ਵੇਕਾਰੀ ।" ਨੀਵੀਂ ਗਰਦਨ ਕਰਕੇ ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਜੀ ਨੇ (ਸਿੱਖੀ ਦੀ ) ਰਸਮ ਨੂੰ ਸਵਾਰਿਆ। ਗਰੀਬੀ ਇਹ ਨਹੀਂ ਕਿ ਮੇਰੇ ਕੋਲ ਪੈਸੇ ਨਹੀਂ, ਗਰੀਬੀ ਉਹ ਹੈ ਜਿਹਦੇ ਵਾਸਤੇ ਲਿਖਿਆ ਹੈ -

"ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ। ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ।"

ਉਸ ਗਰੀਬੀ ਨੂੰ ਧਾਰਿਆ, ਕੇਵਲ ਆਪ ਹੀ ਨਹੀਂ, ਬਹੁਤ ਕਿਰਪਾ ਕੀਤੀ ਕਈ ਸਿੱਖਾਂ ਤੇ, ਉਨ੍ਹਾਂ ਨੂੰ ਵੀ ਇਸ ਤਰ੍ਹਾਂ ਦਾ ਬਣਾ ਦਿੱਤਾ ।

"ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ।"

ਮਾਤਾ ਜੀਵਨ ਕੌਰ ਜੀ, ਗੁਰੂ ਹਰੀ ਸਿੰਘ ਜੀ ਦੇ ਮਹਿਲ, ਸਾਡੇ ਦਾਦੀ ਜੀ ,ਪਿੰਡ ਵਿਚ ਜਿਨ੍ਹਾਂ ਨਾਲ ਲੜਾਈ ਸੀ, ਜੇ ਪਤਾ ਲੱਗ ਜਾਵੇ ਕਿ ਉਨ੍ਹਾਂ ਘਰ ਦਾਣੇ ਹੈ ਨਹੀਂ ਖਾਣ ਨੂੰ, ਚੋਰੀ ਰਾਤ ਨੂੰ, ਨਾ ਏਧਰ ਗੁਰਦੁਵਾਰੇ ਵਾਲਿਆਂ ਨੂੰ ਪਤਾ ਹੋਵੇ ਅਤੇ ਨਾ ਹੀ ਉਨ੍ਹਾਂ ਘਰ ਵਾਲਿਆਂ ਨੂੰ ਪਤਾ ਲੱਗੇ, ਤਾਂ ਆਟੇ ਪੀਸੇ ਦੀ ਜਾਂ ਕਣਕ ਦੀ ਬੋਰੀ ਸੁਟਵਾ ਦੇਣੀ ਕਿ ਉਹ ਭੁੱਖੇ ਨਾ ਮਰਣ। ਇਹ ਗੱਲ ਕਹਿ ਲੈਣੀ, ਸੁਣ ਲੈਣੀ ਬੜੀ ਸੌਖੀ ਹੈ ਪਰ ਕਮਾਈ ਕਰਨੀ ਬੜੀ ਔਖੀ ਹੈ ਇਸ ਗਲ ਤੇ .....1918 ਬ੍ਰਿ.(1861ਈ.)ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸਦਾ ਵਰਤ ਲੰਗਰ ਸ਼ੁਰੂ ਕੀਤਾ ਸ੍ਰੀ ਭੈਣੀ ਸਾਹਿਬ ਤੋਂ, ਉਹ ਸਤਿਗੁਰਾਂ ਦੀ ਬਖਸ਼ਿਸ ਨਾਲ ਉਸੇ ਤਰ੍ਹਾਂ ਹੀ ਚਾਲੂ ਹੈ। ਜਿਸ ਵੇਲੇ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਉਥੋਂ (ਰੰਗੂਨ ਤੋਂ) ਹੁਕਮਨਾਮਾ ਲਿਖਿਆ ਕਿ "ਕਰੜਾ ਦਾਲਾ ਅਤੇ ਮੋਟਾ ਪ੍ਰਸ਼ਾਦਾ ਹੋਵੇ। ਜਿਸ ਵਕਤ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਰੰਗੂਨ ਹੁਕਮ ਕੀਤਾ, ਉਸ ਵਕਤ ਸਤਿਗੁਰੂ ਹਰੀ ਸਿੰਘ ਜੀ ਨੇ ਲਾਂਗਰੀਆਂ ਨੂੰ ਏਥੇ ਹੁਕਮ ਦੇ ਦਿਤਾ ਕਿ ਐਸ ਤਰਾਂ ਦਾ ਦਾਲਾ-ਪ੍ਰਸ਼ਾਦਾ ਹੋਵੇ।"

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ
## ਨੰਬਰਦਾਰ ਅਮਰ ਸਿੰਘ ਦੇ ਭੋਗ ਸਮੇਂ

16 ਸਤੰਬਰ 2018, ਐਤਵਾਰ ਸਥਾਨ-ਮਸਤਾਨਗੜ੍ਹ

ਪਰਮ ਸਤਿਕਾਰ ਯੋਗ ਸਾਧ ਸੰਗਤ ਜੀ,

ਨੰਬਰਦਾਰ ਅਮਰ ਸਿੰਘ ਜੀ ਬਾਰੇ ਤੁਸੀਂ ਜਥੇਦਾਰ ਨਿਸ਼ਾਨ ਸਿੰਘ, ਸਰਦਾਰ ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਤੋਂ ਸੁਣਿਆ ਹੈ, ਮੈਂ ਨੰਬਰਦਾਰ ਜੀ ਨੂੰ ਬਹੁਤ ਨੇੜਿਉਂ ਬਚਪਨ ਤੋਂ ਵੇਖਿਆ ਹੈ, ਹਾਲਾਂਕਿ ਉਮਰ ਦਾ ਬਹੁਤ ਫਰਕ ਹੋਣ ਕਰਕੇ ਮੇਰਾ ਵਾਹ ਬਹੁਤ ਜਿਆਦਾ ਨਹੀਂ ਪਿਆ, ਪਰ ਮੈਂ ਬਹੁਤ ਜਿਆਦਾ ਸਤਿਕਾਰ ਏਸ ਕਰਕੇ ਕਰਦਾ ਹਾਂ ਕਿ ਉਹ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੂੰ ਭਾਉਂਦੇ ਸੀ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਕਿਹੜਾ ਭਾਉਂਦਾ ਹੈ, ਕਿਸ ਕਰਕੇ ਭਾਉਂਦਾ ਹੈ। ਇਹ ਗੱਲਾਂ ਸਾਡੀ ਸਮਝ ਤੋਂ ਬਾਹਰ ਹੁੰਦੀਆਂ ਨੇ, ਕਿਉਂਕਿ ਸਾਡੀ ਸਮਝ ਇਕ ਜਨਮ ਤੱਕ ਹੁੰਦੀ ਹੈ, ਉਹ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਪਿਛਲੇ ਕਿੰਨਿਆਂ ਜਨਮਾਂ ਦਾ ਪਤਾ ਹੁੰਦਾ ਹੈ। ਸਰਦਾਰ ਅਮਰ ਸਿੰਘ ਜੀ ਨੂੰ ਸੱਚੇ ਪਾਤਸ਼ਾਹ ਨੇ ਬਹੁਤ ਪਿਆਰ ਦਿੱਤਾ। ਭਾਈ ਗੁਰਦਾਸ ਜੀ ਦਾ ਕਬਿੱਤ ਹੈ, ਸਤਿਗੁਰੂ ਸੱਚੇ ਪਾਤਸ਼ਾਹ ਜੀ ਅਕਸਰ ਪੜ੍ਹਦੇ ਹੁੰਦੇ ਸੀ-

ਜੋਈ ਪ੍ਰਭੁ ਭਾਵੈ ਤਾਹਿ ਮਾਨਨਿ ਮਨਾਵੈ ਧਾਇ,
ਸੇਵਕ ਸ੍ਵਰੂਪ ਸੇਵਾ ਕਰਤ ਨ ਭਾਵਈ॥
ਜੋਈ ਪ੍ਰਭੁ ਭਾਵੈ ਤਾਹਿ ਰੀਝ ਕੈ ਰੀਝਾਵੈ,
ਆਪਾ ਕਾਛਿ ਕਾਛਿ ਆਵੈ ਤਾਹਿ ਪਗ ਨ ਲਗਾਵਈ॥
ਜੋਈ ਪ੍ਰਭੁ ਭਾਵੈ ਤਾਹਿ ਸਬੈ ਬਨ ਆਵੈ,
ਤਾ ਕੀ ਮਹਿਮਾ ਅਪਾਰ ਨ ਕਹਤ ਬਨ ਆਵਈ॥

ਜਿਹੜਾ ਉਸਨੂੰ ਭਾਉਂਦਾ ਹੈ ਉਸਦੀ ਮਹਿਮਾ ਸਭ ਤੋਂ ਵੱਡੀ ਹੁੰਦੀ ਹੈ। ਸਰਦਾਰ ਅਮਰ ਸਿੰਘ ਜੀ ਵੀ ਜਿੱਥੇ ਸੱਚੇ ਪਾਤਸ਼ਾਹ ਹੁਕਮ ਕੀਤਾ ਜਾਂ ਉਹਨਾਂ ਨੂੰ ਪਤਾ ਲੱਗ ਗਿਆ ਕਿ ਐਹ ਕੰਮ ਕਰਨ ਦੀ ਸੱਚੇ ਪਾਤਸ਼ਾਹ ਜੀ ਦੀ ਰਜ਼ਾ ਹੈ, ਸਾਰੀ ਉਮਰ ਉਹ ਸਿੱਧੇ ਮੂੰਹ ਹੋ ਕੇ ਚੱਲੇ ਉਸ ਪਾਸੇ। ਉਹਨਾਂ ਨੂੰ ਪਤਾ ਵੀ ਲੱਗ ਗਿਆ ਕਿ ਸੱਚੇ ਪਾਤਸ਼ਾਹ ਜੀ ਦੀ ਰਜ਼ਾ ਇਹ ਕੰਮ ਕਰਨਾ ਹੈ, ਐਸ ਬੰਦੇ ਨਾਲ ਮੈਂ ਐਸ ਤਰ੍ਹਾਂ ਠੀਕ ਚਲਨਾ ਹੈ, ਉਸੇ ਤਰ੍ਹਾਂ ਹੀ ਚੱਲੇ। ਇਹ ਬੜੀ ਵੱਡੀ ਪ੍ਰਾਪਤੀ ਹੈ। ਸਾਰੀ ਉਮਰ ਏਸ ਤਰ੍ਹਾਂ ਹੁਕਮ ਵਿਚ ਕੱਢਣੀ, ਇਹ ਕਿਸੇ-ਕਿਸੇ ਨੂੰ ਹੀ ਪ੍ਰਾਪਤੀ ਹੁੰਦੀ ਹੈ।

ਐਨਾਂ ਨੇੜ ਪ੍ਰਾਪਤ ਕਰਨਾ ਸਤਿਗੁਰੂ ਸੱਚੇ ਪਾਤਸ਼ਾਹ ਦਾ, ਉਹਨਾਂ ਨੂੰ ਜੇ ਮੈਂ ਕਹਿ ਲਵਾਂ, ਸੱਚੇ ਪਾਤਸ਼ਾਹ ਦਾ ਸੇਵਕ ਵੀ, ਤੇ ਸੱਚੇ ਪਾਤਸ਼ਾਹ ਦਾ ਮਿੱਤਰ ਹੋਣ ਦਾ ਵੀ ਮਾਣ ਮਿਲਿਆ। ਇਹ ਜਿੰਦਗੀ ਦੀ ਬਹੁਤ ਵੱਡੀ ਪ੍ਰਾਪਤੀ ਹੈ ਕਿ ਜਿਸ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਦਰਸ਼ਨ ਅਸੀਂ ਅਕਾਲ ਪੁਰਖ ਦੇ ਰੂਪ ਵਿਚ ਕੀਤੇ, ਉਹ ਸਰਬ ਵਿਆਪੀ, ਪਾਰਬ੍ਰਹਮ ਦੇ ਰੂਪ ਵਿੱਚ ਕੀਤੇ ਤੇ ਅਮਰ ਸਿੰਘ ਨੰਬਰਦਾਰ ਨੇ ਵੀ ਉਹਨਾਂ ਤੋਂ ਖੁਸ਼ੀਆਂ ਲਈਆਂ, ਉਹਨਾਂ ਦਾ ਵਿਸ਼ਵਾਸ ਪਾਤਰ ਹੋਣ ਦਾ ਮਾਣ ਪ੍ਰਾਪਤ ਕੀਤਾ। ਇਸ ਤੋਂ ਵੱਡੀ ਹੋਰ ਪ੍ਰਾਪਤੀ ਕੋਈ ਨਹੀਂ। ਇਹ ਬਹੁਤ ਵੱਡੀ ਪ੍ਰਾਪਤੀ ਹੈ। ਸੱਚੇ ਪਾਤਸ਼ਾਹ ਜੀ ਕਿਰਪਾ ਕਰਨ, ਜਿਸ ਤਰ੍ਹਾਂ ਉਹਨਾਂ ਨੂੰ ਖੁਸ਼ੀਆਂ ਮਿਲੀਆਂ ਨੇ, ਏਸ ਤਰ੍ਹਾਂ ਸਾਨੂੰ ਵੀ ਖੁਸ਼ੀਆਂ ਮਿਲਣ ਤਾਂ ਕਿ ਸਾਡਾ ਜੀਵਨ ਸਫ਼ਲ ਹੋ ਸਕੇ।

ਸਤਿ ਸ੍ਰੀ ਅਕਾਲ

# ਧੰਨ ਸਤਿਗੁਰੂ ਹਰੀ ਸਿੰਘ ਜੀ

✍-ਸ੍ਰੀਮਤੀ ਬੀਬੀ ਲੀਲਾਵੰਤੀ ਜੀ

ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜ
ਸ਼ਾਹਨ ਕੇ ਸ਼ਾਹ ਅਤੇ ਪੀਰਨ ਕੇ ਪੀਰ ਜੀ ।
ਰੋਗਾਂ ਤੋਂ ਬਚਾਣ ਵਾਲੇ, ਸੋਗਾਂ ਨੂੰ ਮਿਟਾਣ ਵਾਲੇ
ਟੁੱਟੀਆਂ ਗੰਢਾਣ ਵਾਲੇ, ਬੰਧਾਨ ਵਾਲੇ ਧੀਰ ਜੀ ।
ਕਰਨੀ ਮਹਾਨ ਵਾਲੇ, ਜਰਨੀ ਧਰਾ ਤੋਂ ਵੱਡੀ
ਸ਼ਰਨੀ ਲਗਾਇ ਜੋ ਕਰਨ ਸਿੱਧੇ ਤੀਰ ਜੀ।
ਬੁੱਧ ਸਿੰਘ ਜੀ ਤੋਂ ਹਰੀ ਸਿੰਘ ਸਤਿਗੁਰੂ ਹੋਏ,
ਸੱਦਾਂ ਜੀ ਦੇ ਲਾਡਲੇ ਚੀਨੀ ਵਾਲੇ ਜੀ ਦੇ ਵੀਰ ਜੀ।

ਮੇਰੇ ਇੰਨ੍ਹਾਂ ਨੈਣਾਂ ਨੇ ਦੀਨ ਦੁਖੀਆਂ ਦੇ ਵਾਲੀ, ਸੁਹਾਵਣੀ, ਠੰਢੀ ਮੂਰਤੀ, ਰੱਬੀ ਜਲਵੇ ਦੇ ਨੂਰੀ ਮੁੱਖੜੇ ਦੇ ਸਾਹਵੇਂ ਬੈਠ ਦਰਸ਼ਨ ਨਹੀਂ ਪਾਏ। ਪਰ ਪੂਜਨੀਕ ਜਗਤ ਮਾਂ ਸਭ ਨੂੰ ਗਲਵੱਕੜੀ ਵਿਚ ਲੈ 'ਬੀਰਾ' ਕਹਿਣ ਵਾਲੇ ਸ੍ਰੀ ਮਾਤਾ ਜੀਊਣ ਕੌਰ ਜੀ ਨੇ ਅਨੇਕਾਂ ਹੀ ਵਾਰਤਾਵਾਂ ਟੁੱਟੀ ਗੰਢਣ ਹਾਰ ਗੁਪਾਲ ਸਤਿਗੁਰੂ ਜੀ ਦੀਆਂ ਸੁਣਾਈਆਂ; ਪਰ ਮੇਰੀ ਯਾਦ ਨੇ ਭੁਲਾ ਦਿੱਤੀਆਂ। ਪਰ ਇਹ ਗੱਲ ਨਹੀਂ ਭੁੱਲੀ ਕਿ ਪਾਤਸ਼ਾਹ 21 ਮਾਲਾ ਪੱਕੀਆਂ ਭਜਨ ਦੀਆਂ ਫੇਰਦੇ ਸਨ ਤੇ ਹਰ ਸਮੇਂ ਨੇਤਰ ਨੀਵੇਂ ਰੱਖਦੇ ਸਨ। ਪਰ ਮਾਤਾ ਜੀਵਨ ਕੌਰ ਜੀ ਦੇ ਬਚਨਾਂ ਦੁਆਰਾ ਇੱਕ ਸੁੰਦਰ ਤਸਵੀਰ ਮੇਰੇ ਅੰਦਰ ਬੜੀ ਨਿਖਰਵੇਂ ਰੂਪ ਵਿਚ ਵਸੀ ਹੋਈ ਹੈ ਜਿਸਦੇ ਮੋਟੇ-ਮੋਟੇ ਵਿਸ਼ਾਲ ਸੁੰਦਰ ਨੇਤਰ ਹਨ, ਤਿਰਛਾ ਸੁੰਦਰ ਨੱਕ ਹੈ, ਪ੍ਰਭਾਵਸ਼ਾਲੀ ਮੋਹਣ-ਮੁੱਖੜਾ ਹੈ । ਉਹਦੇ ਹੱਥਾਂ ਵਿੱਚ ਸਦਾ ਹੀ ਸੋਭਦੀ ਉੱਨ ਦੀ ਮਾਲਾ ਹੈ। ਪੂਜਯ ਮਾਤਾ ਜੀ ਨੇ ਦੱਸਣਾ ਕਿ ਜਦੋਂ ਕਦੋਂ ਵੀ ਉਹ ਸੁੰਦਰ ਮੂਰਤੀ ਨੀਵੇਂ ਨੈਣਾਂ ਨੂੰ ਉਪਰ ਉਠਾ ਕੇ ਤਕਦੇ ਤਾਂ ਦਰਸ਼ਨ ਕਰਨ ਆਏ ਪ੍ਰਾਣੀ ਦਾ ਬੇੜਾ ਪਾਰ ਹੋ ਜਾਂਦਾ।

ਨਾਲ ਨਿਗਾਹ ਦੇ ਪਲ ਵਿਚ ਤਾਰਨ
ਬਖਸ਼ਣ ਖੁਸ਼ੀ ਖਜ਼ਾਨੇ।
ਸ਼ਾਹਾਂ ਦੇ ਸਿਰ ਸ਼ਾਹ ਵਡੇਰੇ
ਉਸਦੇ ਜੋ ਮਸਤਾਨੇ।

ਤਾਂ ਮੇਰੇ ਮਨ ਨੇ ਉਸ ਪਾਵਨ ਨਿਗਾਹ ਲਈ ਤਰਸਣ ਲਗ ਪੈਣਾ। ਆਹਾ, ਕੇਡੇ ਭਾਗ ਸ਼ੀਲ ਸਨ ਉਹ ਪੁਰਸ਼ ਤੇ ਨਾਰੀਆਂ ਜਿਨ੍ਹਾ ਤੇ ਏਨੇ ਠੰਢੇ ਜਿਗਰੇ ਵਾਲੇ ਮਹਾਨ ਸਤਿਗੁਰੂ ਦੀ ਨਜ਼ਰ ਪੈਂਦੀ ਹੁੰਦੀ ਸੀ ।

ਏਸੇ ਅਰਸ਼ੀ ਨਿਗਾਹ ਦਾ ਜ਼ਿਕਰ ਮੇਰੇ ਨਾਲ ਇਕ ਹੋਰ ਭੈਣ ਜੀ ਨੇ ਕੀਤਾ। ਉਹਨਾਂ ਭੈਣ ਜੀ ਨੂੰ ਹੱਡ ਬੀਤੀ ਯਾਦ ਆ ਗਈ। ਉਹਨਾਂ ਐਸੇ ਢੰਗ ਨਾਲ ਗੱਲ ਕੀਤੀ ਕਿ ਮੇਰੇ ਹਿਰਦੇ ਦੀਆਂ ਹੇਠਲੀਆਂ ਤੈਹਾਂ ਵਿਚ ਜਾ ਵਸੀ।

ਭੈਣ ਜੀ ਨੇ ਕਿਹਾ ਕਿ ਮੈਂ ਇਕ ਦਫ਼ਾ ਬਹੁਤ ਬੀਮਾਰ ਹੋ ਗਈ ਸਰੀਰ ਕਠਾ ਹੋ ਗਿਆ। ਨਾ ਹਿਲਣ ਜੋਗੀ ਰਹੀ ਨਾ ਉਠਣ ਜੋਗੀ। ਮਨ ਜ਼ਿੰਦਗੀ ਤੋਂ ਅਵਾਜ਼ਾਰ ਹੋ ਗਿਆ। ਪੂਜਯ ਪਿਤਾ ਜੀ ਦੇ ਧਿਆਨ ਤੇ ਡਾਕਟਰਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਨਿਸਫਲ ਗਈਆਂ-ਮਰਜ਼ ਬੜ੍ਹਤਾ ਗਇਆ ਜੂੰ ਜੂੰ ਦਵਾ ਕੀ।

ਮੈਂ ਕਈ ਵਾਰ ਸੁਣ ਚੁੱਕੀ ਸੀ ਕਿ ਪਾਤਸ਼ਾਹ ਸਤਿਗੁਰੂ ਹਰੀ ਸਿੰਘ ਜੀ ਟੁੱਟੀ ਗੰਢਣ ਹਾਰ ਗੁਪਾਲ ਹਨ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਸ੍ਰੀ ਮੁਖਵਾਕ ਹੈ ਕਿ ਮੇਰੇ ਧੱਕੇ ਹੋਏ ਨੂੰ ਗੁਰੂ ਹਰੀ ਸਿੰਘ ਜੀ ਬਖਸ਼ ਦੇਣਗੇ ਪਰ ਇਨ੍ਹਾਂ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਣਾ। ਮੇਰੇ ਮਨ ਵਿਚ ਸਤਿਗੁਰਾਂ ਬਾਰੇ ਬੜੀ ਸ਼ਰਧਾ ਸੀ। ਮੈਨੂੰ ਉਨ੍ਹਾਂ ਸਜ ਵਿਆਹੀ ਆਈ ਨੂੰ ਪੁੱਛਿਆ ਸੀ- ਕੀ ਕੀ ਗਹਿਣਾ ਪਿਆ ਏ ਤੇ ਕੀ ਕੀ ਕੱਪੜਾ। ਹੋਰ ਵੀ ਨਿੱਕੀਆਂ-ਨਿੱਕੀਆਂ ਗੱਲਾਂ ਪੁੱਛੀਆਂ ਸਨ।

ਮੇਰੀ ਖੁਸ਼ ਕਿਸਮਤੀ ਨੂੰ ਸਤਿਗੁਰੂ ਹਰੀ ਸਿੰਘ ਸਾਡੇ ਨਗਰ ਆਪਣੇ ਦੌਰੇ ਦੇ ਸੰਬੰਧ ਵਿਚ ਪਹੁੰਚਣ ਵਾਲੇ ਸਨ ਮੈਨੂੰ ਚਾ ਚੜ੍ਹ ਗਿਆ। ਮੈਂ ਮਾਂ ਜੀ ਅਤੇ ਵੀਰਾ ਜੀ ਨੂੰ ਕਹਿ ਕੇ ਅਪਣਾ ਮੰਜਾ ਉਸ ਰਸਤੇ ਵਿਚ ਡਹਾ ਲਿਆਂ ਜਿਥੋਂ ਦੀ ਉਨ੍ਹਾਂ ਪਾਵਨ ਚਰਨਾਂ ਨੇ ਗੁਜ਼ਰਨਾ ਸੀ ਜਿਨ੍ਹਾਂ ਨੂੰ ਦੇਵੀ-ਦੇਵ ਤਰਸਦੇ ਰਹਿੰਦੇ ਹਨ। ਮੇਰੀ ਨਾ ਹਿੱਲ ਜੁਲ ਸਕਣ ਵਾਲੀ ਦੇਹ ਮੰਜੇ ਤੇ ਨਿੱਸਲ ਹੋਈ ਪਈ ਸੀ ਤੇ ਅੱਖਾਂ ਰਾਹ ਤੇ ਵਿਛੀਆਂ ਹੋਈਆਂ

ਰਸਤੇ ਵਿਚ ਗੁਰੂ ਜੀ ਤੇਰੇ
ਇਹ ਦਿਲ ਫਰਸ਼ ਵਿਛਾਵਾਂ।
ਸੁਹਣੇ ਚਰਨ ਗੁਰਾਂ ਦਾ ਜੋੜਾ
ਇਹ ਦੋਇ ਨੈਣ ਬਣਾਵਾਂ।

ਮੇਰੀ ਕਸ਼ਟ ਦੀ ਘੜੀ ਕੱਟਣੇ ਨੂੰ, ਮੇਰੀ ਡੋਲਦੀ ਬੇੜੀ ਨੂੰ ਬੰਨੇ ਲਾਣ, ਮੇਰੇ ਦੁਖੀ ਸਰੀਰ ਨੂੰ ਸੁੱਖ ਦਾ ਸੋਮਾ ਬਣਾਣ ਨੂੰ ਅਰਸ਼ਾਂ ਕੁਰਸ਼ਾਂ ਦੇ ਮਾਲਿਕ ਆ ਪਹੁੰਚੇ। ਮੇਰੇ ਮੰਜੇ ਦੇ ਪਾਸ ਹੀ ਆਕੇ ਖੜੇ ਹੋ ਗਏ । ਕੀ ਹੋਇਆ :

ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ।
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ।
ਸਦਾ ਸੁਖੁ ਮਨ ਵਸੈ ਦੁਖੁ ਸੰਸਾਰਹ ਖੋਵੈ।
ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ।

**ਬਾਕੀ ਸਫ਼ਾ 12 'ਤੇ.......**

# ਗੁਰੂ ਹਰੀ ਸਿੰਘ ਜੀ ਦਾ ਨਿਤ-ਕਰਮ

✍- ਕਵੀ ਪ੍ਰੀਤਮ ਸਿੰਘ

ਇੱਕੋ ਸਮੇਂ ਵਿੱਚ ਵੱਖ ਵੱਖ ਧਰਮਾਂ ਦੇ ਅਨੇਕਾਂ ਗੁਰੂ ਅਥਵਾ ਧਰਮਾਚਾਰਯ ਵੇਖੇ ਜਾ ਸਕਦੇ ਹਨ। ਪਰ ਗੁਰੂ-ਨਾਨਕ-ਪ੍ਰੰਪਰਾ ਦੇ ਵਾਰਸਾਂ ਨੂੰ ਤਾਂ ਪਹਿਲੇ ਗੁਰੂਆਂ ਦੀ ਜੀਵਨ-ਮਰਯਾਦਾ ਤੋਂ ਹੀ ਜਾਂਚਿਆਂ ਪਰਖਿਆ ਜਾ ਸਕਦਾ ਹੈ । ਭਾਵੇਂ ਸਤਿਗੁਰੂ ਸਾਡੀ ਜਾਂਚ ਪਰਖ ਤੋਂ ਬਹੁਤ ਉਚੇਰਾ ਹੁੰਦਾ ਹੈ ਤੇ 'ਪਿਤਾ ਕਾ ਜਨਮੁ ਕਿ ਜਾਨੈ ਪੂਤੁ' ਵਾਂਗ ਸਾਡਾ ਅਧਿਕਾਰ ਹੀ ਏਹ ਨਹੀਂ ਹੁੰਦਾ ਕਿ ਅਸੀਂ ਸਤਿਗੁਰੂ ਮਹਾਨ ਦੀ ਪਰਖ ਕਰੀਏ ਜਾਂ ਇਸ ਨੂੰ ਕਸਵੱਟੀ ਲਾਈਏ, ਪਰ ਕਈ ਵਾਰ ਸਾਡਾ ਸ਼ੰਕਾਲੂ ਮਨ ਐਸੀ ਟੋਹਾ ਟਾਹੀ ਬਿਨਾ ਰਹਿੰਦਾ ਨਹੀਂ।

ਪਾਠਕਾਂ ਦੀ ਜਾਣਕਾਰੀ ਲਈ ਮੈਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਦਿਨਚਰਯਾ ਪੇਸ਼ ਕਰਦਾ ਹਾਂ ਤਾਕਿ ਸ੍ਰੀ ਜੀ ਦੀ ਸ਼ਖ਼ਸੀਅਤ ਉਭਾਰਨ ਵਾਲਾ ਉਹ ਸਾਰਾ ਕਾਰਜ ਕਰਮ ਅੱਖਾਂ ਅਗੇ ਆ ਜਾਇ। ਜਿਸ ਦੀ ਗੋਦ ਵਿਚ ਆਪ ਮਿਠੇ ਪ੍ਰਭਾਵ ਨਾਲ ਹੌਲੀ ਹੌਲੀ, ਉਸ ਸਿਖੀ ਵਿਚ ਪੂਰੀ ਤਰਾਂ ਪੂਜੇ ਸਤਿਕਾਰੇ ਜਾਣ ਲਗ ਪਏ, ਜਿਸ ਨੂੰ ਅੰਗਰੇਜ਼ ਦੇ ਜ਼ੁਲਮੋ ਤਸ਼ੱਦਦ ਨੇ ਸਦਾ ਲਈ ਤਬਾਹ ਕਰ ਦੇਣ ਦੀ ਠਾਣੀ ਹੋਈ ਸੀ ।

ਸ੍ਰੀ ਸਤਿਗੁਰੂ ਜੀ ਰੋਜ਼ਾਨਾ 2 ਵਜੇ ਅੰਮ੍ਰਿਤ ਵੇਲੇ ਆਪਣੀ ਸੁਖ-ਸੇਜਾ ਦਾ ਤਿਆਗ ਕਰਦੇ। ਆਪ ਜੀ ਦਾ ਨਿਵਾਸ ਪਹਿਲਾਂ ਵੀ ਆਮ ਕਰਕੇ ਉਹੋ ਚੁਬਾਰਾ ਰਿਹਾ ਜੋ ਅਜ 'ਗੱਦੀ ਸਾਹਿਬ ਵਾਲਾ ਚੁਬਾਰਾ' ਨਾਮ ਨਾਲ ਪ੍ਰਸਿਧ ਹੈ, ਪਰ ਬੁੱਢਾਪੇ ਦੇ ਅੰਤਿਮ ਚਰਨ ਵਿਚ ਤਾਂ ਆਪ ਦਾ ਇਹ ਅਨਿਖੜਵਾਂ ਅੰਗ ਹੋ ਗਿਆ । ਏਥੇ ਆਪ ਜੀ ਦੇ ਹਜ਼ੂਰੀਏ ਭਾਈ ਰਾਗਾ ਸਿੰਘ ਜੀ (ਪਿੰਡ ਬਗੁਲੀ ਜ਼ਿਲਾ ਲੁਧਿਆਣਾ) ਆਪ ਜੀ ਦੀ ਸੇਵਾ ਟਹਿਲ ਵਾਸਤੇ ਸਦਾ ਨਾਲ ਰਹਿੰਦੇ। ਬਿਰਾਜ ਉੱਠਣ ਤੋਂ ਬਾਦ ਆਪ ਜੀ ਰਾਗਾ ਸਿੰਘ ਹੁਰਾਂ ਨੂੰ ਨਾਲ ਲੈ ਜੰਗਲ ਜਾਂਦੇ। ਰਾਗਾ ਸਿੰਘ ਜੀ ਦੋ ਜਲ ਦੇ ਗੜਵੇ ਭਰ ਕੇ ਨਾਲ ਨਾਲ ਚਲਦੇ-ਇਕ ਆਪਣੀ ਵਰਤੋਂ ਲਈ ਦੂਜਾ ਗੁਰੂ ਹਰੀ ਸਿੰਘ ਜੀ ਵਾਸਤੇ। ਜੰਗਲ ਜਾਕੇ ਇਕ ਵਾਰ ਤਾਂ ਬਾਹਰ ਰੇਤ ਨਾਲ ਹਥ ਪੰਜ ਵਾਰ ਮਾਂਜਦੇ-ਦੂਜੀ ਵਾਰ ਡੇਰੇ ਆ ਕੇ ਏਨੀ ਵਾਰ ਹੀ ਹਥ ਸੁਕਮਾਂਜ ਕਰਦੇ। ਕੁਰਲਾ ਕਰਕੇ ਦਾਤਨ ਕਰਦੇ। ਜਿੰਨੀ ਵਾਰ ਦਾਤਨ ਮੂੰਹੋਂ ਬਾਹਰ ਕਰਦੇ ਓਨੀ ਵਾਰ ਹੀ ਧੋਕੇ ਮੂੰਹ ਵਿਚ ਪਾਂਦੇ ।

ਫੇਰ ਇਸ਼ਨਾਨ ਵੀ ਏਸੇ ਚੁਬਾਰੇ ਉੱਤੇ ਹੀ ਹੁੰਦਾ ਜਲ ਪਹਿਲਾਂ ਭਰ ਕੇ ਰੱਖ ਲਿਆ ਜਾਂਦਾ ਜਾਂ ਸਮੇਂ ਅਨੁਸਾਰ ਓਸ ਵਕਤ ਵੀ ਮੰਗਵਾ ਕੇ ਇਸ਼ਨਾਨ ਕਰ ਲਿਆ ਜਾਂਦਾ। ਹਰ ਇਸ਼ਨਾਨ ਨਾਲ ਧੋਤੇ ਬਸਤਰ ਪਾਏ ਜਾਂਦੇ ਜੋ ਆਮ ਕਰਕੇ ਸ਼ੁੱਧ ਖਦਰ ਦੇ ਹੀ ਹੁੰਦੇ। ਮਰਯਾਦਾ ਅਨੁਸਾਰ ਕਛਹਿਰੇ ਦਾ ਇਕ ਪਾਉਂਚਾ ਲਾਹ ਕੇ ਦੂਜਾ ਪਾਇਆ ਜਾਂਦਾ ਤੇ ਫੇਰ ਦੂਜੇ ਚਰਨ ਵਿੱਚੋਂ ਪਾਉਂਚਾ ਉਤਾਰਿਆ ਜਾਂਦਾ । ਮਨੋਰਥ ਏਹ ਕਿ ਕਿਸੇ ਸਮੇਂ, ਇਕ ਪਲ ਵੀ ਕਛਹਿਰੇ ਤੋਂ ਬਿਨਾ ਨਾ ਰਹੇ।

ਇਸ਼ਨਾਨ ਕਰ ਚੁੱਕਣ ਤੋਂ ਬਾਦ ਆਪ ਜੀ ਤਾਂ ਏਸ ਚੁਬਾਰੇ ਦੇ ਅੰਦਰਵਾਰ ਆਸਣ ਵਿਛਾਕੇ ਬੈਠ ਜਾਂਦੇ। ਬਾਹਰ, ਵਰਾਂਡੇ ਵਿਚ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਜਾਂਦਾ। ਜੀਵਨ ਦੇ ਆਖਰੀ ਦੋ ਦਹਾਕਿਆਂ ਵਿਚ ਤਾਂ ਆਸਾ ਦੀ ਵਾਰ ਲਾਉਣ ਵਾਲੀ ਟੀਮ ਵੀ ਇਹ ਸੀ : ਮਹੰਤ ਗੁਰਦਿੱਤ ਸਿੰਘ ਜੀ (ਪਿੰਡ ਮੋਰੋਂ ਜਿ: ਜਲੰਧਰ) ਤੰਬੂਰਾ ਵਜਾ ਕੇ ਗਾਉਂਦੇ। ਮਾਈ ਹੁਕਮੀ ਜੀ (ਪਿੰਡ ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ) ਮਾਈ ਗੁਰਦੇਈ ਜੀ (ਖੰਨਾ, ਲੁਧਿਆਣਾ) ਕੀਰਤਨ ਵਿਚ ਸਾਥ ਦਿੰਦੇ । ਇਹ ਦੋਵੇਂ ਮਾਈਆਂ ਸਿਰ ਤੇ ਜੂੜਾ ਕਰ ਦਸਤਾਰ ਸਜਾਂਦੀਆਂ । ਇਸ ਕੀਰਤਨੀ ਜਥੇ ਵਿਚ ਢੋਲਕੀ ਸੰਤ ਵਜ਼ੀਰ ਸਿੰਘ ਜੀ (ਜਿਨ੍ਹਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਨੂੰ ਬਚਪਨ ਵਿਚ ਖਿਡਾਇਆ ਹੈ) ਵਜਾਇਆ ਕਰਦੇ। ਸੂਰਜ ਦੇ ਚੜਾਅ ਨਾਲ ਵਾਰ ਦਾ ਭੋਗ ਪੈ ਜਾਂਦਾ ਤੇ ਇਸ ਸਮੇਂ ਤਕ ਸ੍ਰੀ ਗੁਰੂ ਹਰੀ ਸਿੰਘ ਜੀ ਚੰਡੀ ਦੀ ਵਾਰ ਦਾ ਪਾਠ ਆਪਣੀ ਲਿਖਤੀ ਪੋਥੀ ਤੋਂ ਕਰ ਲੈਂਦੇ ।

ਦੀਵਾਨ ਤੋਂ ਫ਼ਾਰਗ ਹੋ ਸਤਿਗੁਰੂ ਜੀ ਬਾਦਾਮਾਂ ਦੀ, (ਤਦ ਤੱਕ ਤਿਆਰ ਕਰ ਲਈ ਗਈ) ਸਰਦਾਈ ਛਕਦੇ। ਇਸ ਮੌਕੇ ਜਲ-ਪਾਣੀ ਆਦਿ ਦੀ ਸੇਵਾ ਅੰਮ੍ਰਿਤਸਰੀਏ ਮਹੰਤ ਹਜ਼ਾਰਾ ਸਿੰਘ ਜੀ ਪ੍ਰੇਮ ਪੂਰਵਕ ਕਰਦੇ । ਸਰੀਰ ਬਿਰਧ ਹੋ ਜਾਣ ਕਾਰਨ ਸੱਚੇ ਪਾਤਸ਼ਾਹ ਅਪਣੇ ਹੱਥ ਵਿਚ ਇੱਕ ਚਾਂਦੀ ਦੀ ਵੀ ਮੁਠ ਵਾਲੀ ਬੈਂਤ ਦੀ ਸੋਟੀ ਆਮ ਤੁਰਨ ਫਿਰਨ ਲਈ ਵਰਤਿਆ ਕਰਦੇ ।

ਉਪਰੰਤ ਚੁਬਾਰਿਓਂ ਉੱਤਰ ਕੇ ਇਕ ਵਾਰ ਸਾਰੇ ਪ੍ਰਬੰਧ ਵੱਲ ਝਾਤੀ ਮਾਰਨ ਜਾਂਦੇ। ਘੋੜਿਆਂ ਦੇ ਤਬੇਲੇ ਅਤੇ ਗਊਆਂ, ਮੱਝਾਂ ਦੇ ਵਾੜੇ ਵੱਲ ਫੇਰਾ ਵਜਦਾ ।

ਪਸ਼ੂਆਂ ਦੇ ਸੇਵਾਦਾਰ ਤਦ ਤੱਕ ਤਿਆਰ ਹੋਕੇ ਆਪਣੇ ਆਪਣੇ ਪਸ਼ੂਆਂ ਦੇ ਪਾਸ ਖਲੋ ਜਾਂਦੇ। ਸਤਿਗੁਰੂ ਜੀ ਸਮੇਂ ਅਨੁਕੂਲ ਬਚਨ ਕਰਦੇ ਕਰਾਂਦੇ, ਤੂੜੀ ਪੱਠੇ ਦੀ ਗਲਤ ਵਰਤੋਂ ਲਈ ਤਾੜਦੇ, ਸਹੀ ਵਰਤੋਂ ਲਈ ਜਾਚ ਦੱਸਦੇ, ਸੰਜਮ ਨਾਲ ਚੱਲਣ ਦੀ ਸਿੱਖਿਆ ਦਿੰਦੇ। ਨਵੇਂ ਤਬੇਲੇ ਦਾ ਜੋ ਰਾਮ ਸਰ ਵੱਲ ਨੂੰ ਦਰਵਾਜਾ ਹੈ ਇਸ ਦੀ ਚਾਬੀ ਤਾਂ ਪੁਲਿਸ ਵਾਲਿਆਂ ਕੋਲ ਰਹਿੰਦੀ, ਸੋ ਵਾਪਸੀ ਤਬੇਲੇ ਵਾਲੀ ਡਿਉੜੀ ਥਾਣੀ ਹੀ ਹੁੰਦੀ।

ਤਬੇਲਿਆਂ ਦਾ ਚਕਰ ਮਾਰ, ਕਿਸੇ ਹੋਰ ਨਵੇਂ ਆਏ ਦੀ ਗਲ ਬਾਤ ਸੁਣ ਜਾਂ ਕਿਸੇ ਲੋੜਵੰਦ ਲਈ ਜ਼ਰੂਰੀ ਹੁਕਮ ਜਾਰੀ ਕਰ ਕੇ ਸ੍ਰੀ ਸਤਿਗੁਰੂ ਜੀ ਭਾਈ ਰਾਗਾ ਸਿੰਘ ਜੀ ਨੂੰ ਨਾਲ ਲੈਕੇ ਜੰਗਲ ਪਾਣੀ ਜਾਂਦੇ। ਭਾਈ ਸਾਹਿਬ ਦੇ ਹੱਥੀਂ ਲੋਹੇ ਦੇ ਦੋ - ਵੱਡੇ ਗੜਵੇ ਜਲ ਦੇ ਫੜੇ ਹੁੰਦੇ ਅਤੇ ਸਤਿਗੁਰ ਜੀ ਮਾਲਾ ਫੇਰਦੇ ਚਲ ਪੈਂਦੇ। ਕਈ ਵਾਰ ਪੁਲਸੀਏ ਵੀ ਦੂਰ-ਦੂਰ ਰਹਿ ਆਪ ਦਾ ਪਿੱਛਾ ਕਰਦੇ। ਪਰ ਬਾਹਲਾ ਨਜ਼ਦੀਕ ਜਾਣ ਦੀ ਜੁਰਅਤ ਨਾ ਹੁੰਦੀ।

ਇੰਜ ਬਾਹਰ ਗਿਆਂ ਘੰਟਾ ਦੋ ਘੰਟੇ ਕਿਸੇ ਰੁੱਖ ਬਿਰਖ ਦੀ ਓਟ ਵਿਚ ਬੈਠ ਕੁਛ ਸਮਾਂ ਸਤਿਗੁਰੂ ਜੀ ਭਜਨ ਕਰਦੇ। ਦੋ ਵੱਖ-ਵੱਖ ਰੁੱਖਾਂ ਥੱਲੇ ਸਤਿਗੁਰੂ ਜੀ ਅਤੇ ਰਾਗਾ ਸਿੰਘ ਜੀ ਬੈਠਦੇ। ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਨਾਲ ਏਕਾਗਰ ਹੋ ਨਵੀਂ ਪਰੇਰਣਾ ਨਾਲ ਆਪ ਫਿਰ ਉੱਠਦੇ।

ਕਰੀਬ 10 ਵਜੇ ਬਾਹਰੋਂ ਘਰ ਨੂੰ ਪਰਤਿਆ ਜਾਂਦਾ। ਤਦ ਤੱਕ ਨੂੰ ਚੁਬਾਰਾ ਸੰਬਰ ਬੁਹਾਰ ਕੇ ਸਾਫ਼ ਸੁਥਰਾ ਕਰ ਲਿਆ ਜਾਂਦਾ। ਭਾਵੇਂ ਮਾਈ ਹੁਕਮੀ ਤੇ ਮਾਈ ਗੁਰਦੇਈ ਹਰ ਤਰ੍ਹਾਂ ਸਫ਼ਾਈ ਵਗੈਰਾ ਦਾ ਧਿਆਨ ਰੱਖਦੀਆਂ ਪਰ ਸ੍ਰੀ ਮਾਤਾ ਜੀਊਣ ਕੌਰ ਜੀ ਆਪ ਵੀ ਹਰ ਪਰਕਾਰ ਦੀ ਸੁੱਖ ਸੁਵਿਧਾ ਦਾ ਧਿਆਨ ਰੱਖਦੇ। ਮੁੜ ਚੁਬਾਰੇ ਤੇ ਆਕੇ ਪੰਜ ਸ਼ਨਾਨਾ ਆਦਿ ਕਰਕੇ ਦੀਨ ਦਿਆਲ ਕੁਛ ਸਮਾਂ ਆਰਾਮ ਕਰਦੇ। ਅੱਧੇ ਪੌਣੇ ਘੰਟੇ ਬਾਦ ਫੇਰ ਪਰਬੰਧਕਾਂ ਪਾਸੋਂ ਸਾਰੇ ਕਾਰ ਵਿਹਾਰ ਦਾ ਪਤਾ ਮੰਗ ਲੈਂਦੇ । ਉਹਨੀਂ ਦਿਨੀਂ ਖਰੀਦੋ ਫ਼ਰੋਖਤ ਪਸ਼ੂ ਢਾਂਡੇ ਅਤੇ ਲੰਗਰ ਦੇ ਸਮਾਨ ਵਗੈਰਾ ਦੀ ਜ਼ਿੰਮੇਵਾਰੀ ਮਹੰਤ ਗੁਰਦਿਤ ਸਿੰਘ ਦੀ ਹੁੰਦੀ ਅਤੇ ਸਰਕਾਰੀ ਕੰਮਾਂ ਲਈ ਮੁਖਤਾਰ ਆਮ ਮਹੰਤ ਸੇਵਾ ਸਿੰਘ ਜੀ ਕਲਾਲ ਮਾਜਰੇ ਵਾਲੇ (ਬਹੁਤੀ ਰਿਹਾਇਸ਼ ਉਟਾਲਾਂ ਜ਼ਿਲਾ ਲੁਧਿਆਣਾ) ਮੁਕਰਰ ਸਨ। ਸੋ ਇਨ੍ਹਾਂ ਦੋਹਾਂ ਤੋਂ ਚੁਫੇਰੇ ਦਾ ਪਤਾ ਲੈਂਦੇ ਦੇਂਦੇ।

ਸਰਦੀਆਂ ਵਿਚ 1-2 ਵਜੇ, ਪਰ ਗਰਮੀਆਂ ਵਿਚ ਕਰੀਬ 4 ਵਜੇ ਅਠਪਹਿਰੀਏ ਸਿੰਘਾਂ ਦਾ ਲੰਗਰ ਤਿਆਰ ਹੁੰਦਾ। ਸਤਿਗੁਰੂ ਜੀ ਅਠ ਪਹਿਰਾ ਲੰਗਰ ਹੀ ਛਕਦੇ। ਸੋ ਆਪ ਜੀ ਵੱਡੇ ਲੰਗਰ ਵਾਲੀ ਖੂਹੀ ਤੇ ਜਾਕੇ ਦੁਬਾਰਾ ਇਸ਼ਨਾਨ ਆਦਿਕ ਕਰਕੇ ਏਥੇ ਹੀ ਨਜ਼ਦੀਕ ਬੈਠਣ ਲਈ ਤਿਆਰ ਕੀਤੇ ਗਏ, ਥੜ੍ਹੇ ਉੱਪਰ ਆਸਣ ਵਿਛਾ ਕੇ ਪ੍ਰਸ਼ਾਦ ਛਕਦੇ। ਲੰਗਰ ਦਾ ਦਾਲਾ ਪ੍ਰਸ਼ਾਦਾ ਹੀ ਆਪ ਛਕਦੇ। ਸੁਆਦ ਕੀ ਹੁੰਦਾ ਹੈ, ਸਤਿਗੁਰੂ ਜੀ ਦੀ ਸਾਰੀ ਉਮਰ ਇਸ ਸੋਚ ਤੋਂ ਪਰੇ ਰਹੀ। ਏਸ ਸਮੇਂ ਲੰਗਰ ਆਪ ਨੂੰ ਆਮ ਕਰਕੇ ਸੰਤ ਹਰਨਾਮ ਸਿੰਘ ਹੀ ਛੂਤੀਏ ਛਕਾਂਦੇ ।

ਬਾਬਾ ਨਰੈਣ ਸਿੰਘ ਜੀ ਰੋਡਿਆਂ ਵਾਲੇ ਸਦਾ ਹੀ ਇਸ ਕੋਸ਼ਿਸ਼ ਵਿਚ ਰਹਿੰਦੇ ਕਿ ਸਤਿਗੁਰੂ ਜੀ ਦੇ ਪ੍ਰਸ਼ਾਦ ਵਾਲੀ ਥਾਲੀ ਵਿਚ ਹੀ ਆਪ ਲੰਗਰ ਛਕਣ।

ਉਹਨੀਂ ਦਿਨੀਂ ਵਿਦੇਸ਼ਾਂ ਨੂੰ ਚਾਵਲ ਜਾਣ ਤੇ ਕੋਈ ਪਾਬੰਦੀ ਨਹੀਂ ਸੀ ਇਸ ਲਈ ਵਿਦੇਸ਼ਾਂ ਚੋਂ ਆਏ ਸਿੱਖ ਤੇ ਸਿਖਣੀਆਂ ਦੀ ਏਹ ਜ਼ਬਰਦਸਤ ਲਗਨ ਹੁੰਦੀ ਕਿ ਉਹ ਗੁਰੂ ਕੇ ਲੰਗਰੋਂ ਤੇ ਖ਼ਾਸ ਕਰ ਸਤਿਗੁਰੂ ਜੀ ਦੀ ਵਰਤੋਂ ਵਿਚ ਆਏ ਚਾਵਲਾਂ ਵਿਚੋਂ ਸਤਿਕਾਰ ਵਜੋਂ ਆਪਣੇ ਨਾਲ ਪਰਦੇਸਾਂ ਨੂੰ ਖੜ੍ਹ ਸਕਣ।

ਪ੍ਰਸ਼ਾਦ ਉਪਰੰਤ ਸਤਿਗੁਰੂ ਹਰੀ ਸਿੰਘ ਜੀ ਫੇਰ ਚੁਬਾਰੇ ਨੂੰ ਜਾ ਭਾਗ ਲਾਂਦੇ ਅਤੇ ਇਕ ਘੰਟੇ ਕੁ ਦਾ ਸਮਾ ਆਰਾਮ ਕਰਦੇ। ਨੀਂਦ ਵੀ ਆ ਜਾਂਦੀ, ਜਾਂ ਮੌਜ ਨਾਲ ਬਿਰਾਜੇ ਰਹਿੰਦੇ। ਉਪਰੰਤ ਪੰਜ ਸ਼ਨਾਨਾ ਕਰਕੇ ਕਥਾ ਵਿਚ ਸ਼ਾਮਲ ਹੋ ਜਾਂਦੇ। ਕਥਾ ਚੁਬਾਰੇ ਦੇ ਬਰਾਂਡੇ ਵਿਚ ਸੰਤ ਨਰੈਣ ਸਿੰਘ ਜੀ ਰੋਡਿਆਂ ਵਾਲੇ ਕੀਤਾ ਕਰਦੇ ।

ਰੋਡਿਆਂ ਵਾਲੇ ਸੰਤਾਂ ਦਾ ਸਤਿਗੁਰੂ ਜੀ ਦੇ ਚਰਨਾਂ ਨਾਲ ਬੜਾ ਹੀ ਸਨੇਹ ਸੀ ਕਥਾ ਕਰਦਿਆਂ ਆਪ ਦੀ ਲਿਵ ਇੰਜ ਲਗੀ ਹੁੰਦੀ ਜਿਵੇਂ ਸਾਖਿਆਤ ਭਗਵਾਨ ਦੇ ਸਾਹਵੇਂ ਉਹਦਾ ਭਗਤ ਉਪਾਸਨਾ ਕਰ ਰਿਹਾ ਹੋਵੇ । ਚਲਦੀ ਕਥਾ ਵਿਚ ਸਾਧ ਸੰਗਤ ਆਈ ਜਾਂਦੀ ਤੇ ਲੰਗਰ ਵਾਲੇ ਪਾਸੇ ਖੁਲੀ ਛਤ ਉਪਰ ਬੈਠੀ ਜਾਂਦੀ।

ਕਥਾ ਤੋਂ ਬਾਦ ਭਾਈ ਸੰਤੋਖ ਸਿੰਘ ਜੀ (ਜਿਨਾਂ ਦੀ ਹਥ ਲਿਖਤ ਪੁਸਤਕ ਸਤਿਗੁਰੂ ਬਿਲਾਸ, ਦੀ ਕਥਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਸੁਣਿਆਂ ਕਰਦੇ ਸਨ ) ਤੋਂ ਉਨ੍ਹਾਂ ਦੇ ਲਿਖੇ ਪ੍ਰਸੰਗਾਂ ਨੂੰ ਸੁਣਨਾ ।

ਸੂਰਜ ਡੁਬਣ ਦੇ ਨਾਲ ਹੀ, ਮੌਕੇ ਤੇ, ਜੋ ਵੀ ਰਾਗੀ ਰਬਾਬੀ ਹਾਜ਼ਰ ਹੁੰਦਾ ਉਸ ਤੋਂ ਕੀਰਤਨ ਕਰਵਾਇਆ ਜਾਂਦਾ। ਆਪ ਜੀ ਭਜਨ ਕਰਦੇ ਰਸ ਮਗਨ ਹੋ ਸੁਣਦੇ। ਭਾਈ ਸੰਤ ਸਿੰਘ ਜੀ ਢਾਡੀ ਸਤਿਗੁਰੂ ਦਰਸ਼ਨਾਂ ਦੇ ਬੜੇ ਪਰੇਮੀ ਸੀ। ਆਪ ਢੇਸੀਆਂ ਜ਼ਿਲਾ ਜਲੰਧਰ ਤੋਂ ਮਹੀਨੇ ਵਿਚ ਕੁਛ ਦਿਨ ਜ਼ਰੂਰ ਹੀ ਭੈਣੀ ਸਾਹਿਬ ਆਉਂਦੇ ਅਤੇ ਪੁਰਾਣੇ ਜੋਧਿਆਂ ਦੀਆਂ ਵਾਰਾਂ ਸੁਣਾਂਦੇ। ਸਤਿਗੁਰੂ ਜੀ ਇਨ੍ਹਾਂ ਤੋਂ ਜੋਸ਼ ਭਰੀਆਂ, ਸੂਰਮਿਆਂ ਦੀਆਂ ਵਾਰਾਂ ਸੁਣਕੇ ਬਹੁਤ ਸੰਤੁਸ਼ਟ ਹੁੰਦੇ।

ਢਾਡੀਆਂ ਨੂੰ ਆਪ ਦੌਰੇ ਨਾਲ ਵੀ ਰੱਖਦੇ ਤੇ ਰਾਗੀਆਂ ਦੇ ਕੀਰਤਨ ਤੋਂ ਪਹਿਲਾਂ ਇਨ੍ਹਾਂ ਨੂੰ ਵਕਤ ਮਿਲਦਾ।

ਰਾਤ ਨੂੰ ਹੱਲੇ ਦਾ ਦੀਵਾਨ ਲੱਗਦਾ। ਜੋਟੀਆਂ ਨਾਲ ਸ਼ਬਦ ਪੜੇ ਜਾਂਦੇ। ਢੋਲਕ ਛੈਣੇ ਭਿੰਨੀ ਭਿੰਨੀ ਲੈਅ ਵਿਚ ਵਜਦੇ। ਕੋਈ ਜਥੇਦਾਰ ਜਾਂ ਹੋਰ, ਖਲੋਕੇ ਸ਼ਬਦ ਨਾ ਪੜਦਾ। ਅਰਦਾਸ ਕਰਕੇ ਦੀਵਾਨ ਦੀ ਸਮਾਪਤੀ ਹੁੰਦੀ। ਸੰਗਤ ਆਪਣੇ ਡੇਰਿਆਂ ਨੂੰ ਚਲੀ ਜਾਂਦੀ ਪਰ ਸਤਿਗੁਰੂ ਜੀ ਭਜਨ-ਮਗਨ ਹੀ ਰਹਿੰਦੇ।

ਰਾਤ ਨੂੰ ਸਤਿਗੁਰੂ ਜੀ ਕੇਵਲ ਕਾੜ੍ਹਕੇ ਠੰਢਾ ਕੀਤਾ ਦੁੱਧ ਛਕਦੇ, ਜਾਂ ਕੁਛ ਫ਼ਲ-ਆਹਾਰ ਵੀ ਹੋ ਜਾਂਦਾ । ਬਾਦਾਮ, ਸੌਂਗੀ, ਪਿਸਤਾ, ਪਤਾਸੇ ਆਦਿ ਆਮ ਮੱਥਾ ਟਿਕਿਆ ਕਰਦੇ ਸਨ। ਸਤਿਗੁਰੂ ਜੀ ਦੀ ਵਰਤੋਂ ਜੋਗੇ ਰੱਖ ਬਾਕੀ ਦੇ ਘੋੜਿਆਂ ਵਾਲਿਆਂ, ਮੱਝਾਂ ਗਾਊਆਂ ਵਾਲਿਆਂ ਜਾਂ ਹੋਰ ਸੇਵਾਦਾਰਾਂ ਨੂੰ ਬੁੱਕ ਭਰ ਭਰ ਕੇ ਦਿੱਤੇ ਜਾਂਦੇ । ਬਾਬਾ ਵੀਰ ਸਿੰਘ ਜੀ ਚੁੰਨੀ ਮਛਲੀ ਵਾਲੇ, ਜਿਹੜੇ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸਤਿਕਾਰੇ ਸਿਖ ਸਨ, ਕਦੇ ਕਦੇ ਮਹੀਨਾ ਮਹੀਨਾ ਭਰ ਭੈਣੀ ਸਾਹਿਬ ਆ ਵਿਕਦੇ ਅਤੇ ਉਨ੍ਹਾਂ ਨੂੰ ਸੁਕੇ ਮੇਵਿਆਂ ਦੇ ਬੁਕ ਸਾਧ ਸੰਗਤ ਵਿਚ ਵੰਡਣ ਦਾ ਬੜਾ ਅਨੰਦ ਆਉਂਦਾ।

10 ਵਜੇ ਰਾਤ ਤੱਕ ਤਾਂ ਸਤਿਗੁਰੂ ਜੀ ਆਪਣੇ ਚੁਬਾਰੇ ਤੇ ਨਜ਼ਰ ਪੈਂਦੇ ਰਹਿੰਦੇ ਚਲਦੇ ਫਿਰਦੇ, ਫਿਰ ਅਜੇਹੀ ਨਿਸਚਲ ਸਮਾਧੀ ਲਾਂਦੇ ਕਿ ਜਿਵੇਂ ਦੁਨੀਆਂ ਨਾਲ ਉਨ੍ਹਾਂ ਦਾ ਸੰਬੰਧ ਕੋਈ ਨਹੀਂ ਹੁੰਦਾ। ਸ੍ਰੀ ਸਤਿਗੁਰੂ ਜੀ ਰੋਜ਼ਾਨਾ 19 ਤੋਂ 21 ਮਾਲਾ ਭਜਨ ਦੀਆਂ ਫੇਰਦੇ ਅਤੇ ਭਗੌਤੀਆਂ ਦੀ ਮਾਲਾ ਜੋ ਇਸ ਤੋਂ ਵੱਖਰੀ ਹੁੰਦੀ। ਭਗੌਤੀਆਂ ਬਾਰੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਚੇਚਿਆਂ ਵਿਦੇਸ਼ ਚੋਂ ਲਿਖਕੇ ਭੇਜਿਆ ਸੀ।

ਸਤਿਗੁਰੂ ਰਾਮ ਸਿੰਘ ਜੀ ਦਾ ਪਿਆਰ-ਵਿਛੋੜਾ ਆਪ ਦੇ ਅੰਦਰ ਨਸੂਰੀ ਫੋੜੇ ਵਾਂਗ ਦੁੱਖਦਾ ਥਾਂ ਬਣਾਈ ਬੈਠਾ ਸੀ। ਧੌਣ ਨੀਵੀਂ, ਨਜ਼ਰ ਨੀਵੀਂ, ਮਨ ਨੀਵਾਂ ਬਸ ਸਤਿਗੁਰੂ ਜੀ ਨੇ 'ਨਾਨਕ ਨਾਮ ਗਰੀਬੀ ਪਾਈ' ਵਾਲੀ ਅਵਸਥਾ ਵਿਚ ਸਾਰੀ ਉਮਰ ਗੁਜ਼ਾਰੀ। ਉਂਞ ਤਾਂ ਆਪ ਹਰ ਦਰਸ਼ਨ ਯਾਚਕ ਨਾਲ ਲੋੜ ਜੋਗਾ ਬਚਨ ਕਰਦੇ, ਹਸਦੇ ਮੁਸਕਰਾਂਦੇ ਵੀ, ਪਰ ਓਨ੍ਹਾਂ ਦੇ ਅੰਦਰਲੀ ਬ੍ਰਿਹਾ-ਪੀੜਾ ਸਦਾ ਹੀ ਉਨ੍ਹਾਂ ਦੇ ਮੁਖ ਮਸਤਕ ਤੇ ਛਾਈ ਰਹਿੰਦੀ।

ਜਦੋਂ ਕਦੇ ਦੌਰਿਆਂ ਤੇ ਬਾਹਰ ਜਾਂਦੇ ਤਦ ਵੀ ਆਪਦਾ ਪਰੋਗਰਾਮ ਕੁਛ ਐਸਾ ਹੀ ਹੁੰਦਾ ਜੈਸਾ ਉਪਰ ਵਰਨਣ ਕਰ ਦਿੱਤਾ ਹੈ। ਫਰਕ ਏਨਾ ਕੁ ਪੈਂਦਾ ਕਿ ਡੇਰੇ ਦੀਆਂ ਜ਼ਿੰਮੇਵਾਰੀਆਂ ਦੀ ਥਾਂ ਓਦੋਂ ਪੰਥਕ ਜ਼ਿੰਮੇਵਾਰੀਆਂ ਅਤੇ ਸੰਤਾਂ, ਮਹੰਤਾਂ ਦੀਆਂ ਮੰਜਲਾਂ ਦੀਆਂ ਵਾਰਤਾਵਾਂ ਛਿੜ ਪੈਂਦੀਆਂ।

ਅਧਿਐਨ ਕੀਤਿਆਂ ਪਤਾ ਲੱਗੇਗਾ ਕਿ ਸਮੂਹ ਗੁਰੂ ਸਾਹਿਬਾਨ ਨੇ ਹੀ ਅੰਮ੍ਰਿਤ ਵੇਲੇ ਦਾ ਜਾਗਣਾ, ਸਕੇਸ਼ ਸ਼ਨਾਨ ਕਰਨਾ, ਨਾਮ ਜਪਨਾ, ਕੀਰਤਨ ਸੁਨਣਾ ਕਰਨਾ ਆਪ ਵੱਧ ਤੋਂ ਵੱਧ ਤੇ ਗੁਰ ਸਿੱਖਾਂ ਨੂੰ ਇਸ ਦੀ ਪ੍ਰੇਰਨਾ ਦੇਣੀ।

ਜਦੋਂ ਅਸੀਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਕੁਲ ਪੋਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੋਜ਼ਾਨਾ ਨਿਤ ਕਰਮ ਵਲ ਝਾਤ ਮਾਰਦੇ ਹਾਂ ਤਾਂ ਨਾ ਕੋਈ ਅੰਮ੍ਰਿਤ ਵੇਲੇ ਦੇ ਜਾਗਣ ਵਿਚ ਕਸਰ ਦਿਸਦੀ ਹੈ ਤੇ ਨਾ ਹੀ ਭਜਨ ਬਾਣੀ ਦੇ। ਓਸੇ ਪਰਵਾਹ ਵਿਚ ਰਜ ਰਜ ਮੌਜਾਂ ਮਾਨਣ ਵਿਚ ਹੀ। ਗ੍ਰੰਥ ਸਾਹਿਬ ਦੀ ਉਹ ਤੁਕ ਸਾਰਥਕ ਹੈ :

ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ।

**ਪ੍ਰੀਤਮ ਸਿੰਘ ਕਵੀ**

**.....ਬਾਕੀ ਸਫ਼ਾ 9 ਦੀ (ਧੰਨ ਗੁਰੂ ਹਰੀ...ਬੀਬੀ ਲੀਲਾਵੰਤੀ)**

ਦੇਖਦਿਆਂ ਹੀ ਦਿਆਲੂ ਹੋ ਗਏ ।
ਜਿਤ ਵਲ ਨਿਗਹ ਮੇਹਰ ਦੀ ਕਰਦੇ,
ਜਾਨ ਜਿਸਮ ਵਿਚ ਪਾਵਨ।
ਇਸ ਥੀ ਜ਼ਿਆਦਾ ਹੋਰ ਪਵਿਤਰ,
ਆਵਾ ਗਵਨ ਮਿਟਾਵਨ।

ਫਿਰ ਵਾਕ ਹੋਇਆ:- ਬੀਬੀ ਤੂੰ ਠੀਕ ਹੈਂ? ਤੇ ਪਾਵਨ ਹੱਥ ਨਾਲ ਚੁੱਕ ਕੇ ਆਪ ਮੈਨੂੰ ਉਠਾ ਦਿੱਤਾ। ਮੇਰੇ ਦੁੱਖ ਕੱਟੇ ਗਏ। ਅੰਦਰ ਆਉਂਦਿਆਂ ਮੈਂ ਉੱਠ ਕੇ ਬੈਠ ਗਈ। ਦਿਨੋ ਦਿਨ ਰਾਜ਼ੀ ਹੁੰਦੀ ਗਈ। ਤੇ ਅੱਜ ਮੇਰੀ ਹਾਲਤ ਇਹ ਹੈ ਕਿ ਮੈਂ ਕਈ ਕਈ ਮੀਲ ਪੰਧ ਮੁਕਾ ਲੈਂਦੀ ਹਾਂ।

ਉਪਰੋਕਤ ਵਾਰਤਾ ਭੈਣ ਜੀ ਤੋਂ ਸੁਣੀ ਲਿਖ ਦਿੱਤੀ ਹੈ ਪਰ ਕਈ ਵਾਰ ਤਾਂ ਆਪਣੇ ਆਪ ਤੇ ਬਹੁਤ ਅਫ਼ਸੋਸ ਆਉਂਦਾ ਹੈ ਕਿ ਅਗਰ ਮੈਂ ਹਰ ਸਮੇ ਕਲਮ ਕਾਗਦ ਕੋਲ ਰੱਖਦੀ ਤਾਂ ਮਾਤਾ ਜੀ ਦੁਆਰਾ ਸੁਣੇ ਬਚਨ ਅੱਜ ਲਿਖ ਲਿਖ ਦੱਸਦੀ ਪਰ ਹੱਛਾ ਫੇਰ ਵੀ ਮੇਰੇ ਧੰਨ ਭਾਗ ਹਨ ਜਿਸਨੇ ਸ੍ਰੀ ਮਾਤਾ ਜੀਊਣ ਕੌਰ ਜੀ ਦੇ ਲਾਲ, ਵੱਡੇ ਪਰਤਾਪ ਵਾਲਿਆਂ ਦੇ ਦਰਸ਼ਨ ਰੱਜ ਰੱਜ ਪਾਏ ਹਨ। ਰੱਜ ਰੱਜ ਪਿਆਰ ਮਾਣਿਆਂ ਤੇ ਚਰਨ ਪਰਸੇ ਹਨ। ਤੇ ਰੱਜ ਰੱਜ ਧੂੜ ਮੱਥੇ ਤੇ ਲਾਈ ਹੈ। ਉਸ ਗੁਰੂ ਹਰੀ ਸਿੰਘ ਮਹਾਰਾਜ ਜੀ ਦੇ ਦਰਸ਼ਨ ਉਨ੍ਹਾਂ ਦੇ : ਪੋਤਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿੱਚੋ ਕਰਦੇ ਰਹੇ ਹਾਂ ਜਿਨ੍ਹਾਂ ਦੇ ਬਚਨਾਂ ਤੋਂ ਤਨ ਮਨ ਦੀ ਤਪਸ਼ ਮਿੱਟਦੀ ਤੇ ਸੁੱਖ ਉਪਜਦਾ ਸੀ।

# ਬਾਬਾ ਜੱਸਾ ਸਿੰਘ ਦਾ ਅੰਤ ਸਮਾਂ

✍– ਸੰਤੋਖ ਸਿੰਘ 'ਬਾਹੋਵਾਲ'ਸਤਿਗੁਰੂ ਬਿਲਾਸ

ਦੋ ਬਰਸ ਸ੍ਰੀ ਸਤਿਗੁਰੂ ਜੀ ਗਇਆ ਨੂੰ ਹੋਏ। ਇੱਕ ਰਾਤ ਬਾਬੇ ਜਸਾ ਸਿੰਘ ਜੀ ਕੋ ਦ੍ਰਿਸਟਾਨ ਮੇਂ ਦੋਨੋਂ ਭਾਈ ਸਤਿਗੁਰੂ ਰਾਮ ਸਿੰਘ ਜੀ ਤੇ ਮਹਾਰਾਜ ਹਰੀ ਸਿੰਘ ਜੀ ਬਾਬੇ ਕੋ ਇਸ਼ਨਾਨ ਕਰਾਇ ਕੇ ਰਥ ਉੱਤੇ ਝੜਾਇ ਕੇ ਦੋਨੋ ਭਾਈ ਗੁਪਤ ਹੋਇ ਗਏ।

ਬਾਬੇ ਕੇ ਨੇਤਰ ਖੁਲ ਗਏ। ਬਾਬੇ ਜੀ ਨੇ ਬਚਨ ਕੀਤਾ- ਸਾਨੂੰ ਤਾਂ ਚਲਾਨਿਆਂ ਕਾ ਹੁਕਮ ਹੈ।

ਅਗਲੀ ਰਾਤ ਕੋ ਬਾਬਾ ਜਸਾ ਸਿੰਘ ਜੀ ਬਚਨ ਕੀਤਾ, ਦੇਖੋ ਸਤਿਗੁਰੂ ਜੀ ਬੈਠੇ ਹੈਂ, ਮੈਨੂੰ ਦਿਸਦੇ ਹੈਂ। (ਏਕ ਸਮੇ ਬਾਬਾ ਜੱਸਾ ਸਿੰਘ ਜੀ ਸਤਿਗੁਰਾਂ ਅੱਗੇ ਅਰਜ਼ ਕੀਤੀ। ਜੀ ਜਦ ਮੇਰਾ ਅੰਤ ਸਮਾ ਹੋਵੇ ਤੁਸੀਂ ਕੋਲ ਹੋਵੋ ! ਬਾਬੇ ਜੀ ਦੀ ਮੰਗ ਪੂਰੀ ਕਰਨ ਵਾਸਤੇ ਦਰਸ਼ਨ ਦੇ ਰਹੇ ਹੈਂ ਸਤਿਗੁਰੂ ਰਾਮ ਸਿੰਘ ਜੀ)।ਸਵਾ ਪਹਿਰ ਰਾਤ ਨਾਲ ਬਾਬਾ ਜੱਸਾ ਸਿੰਘ ਜੀ ਕਾ ਇਸ਼ਨਾਨ ਕਰਾਇਆ । ਮੰਜੇ ਪਰ ਬੈਠੇ ਈ ਬਾਬਾ ਜੱਸਾ ਸਿੰਘ ਜੀ ਸਮਾਇ ਗਏ । ਬਬਾਨ ਪਰ ਚੜ੍ਹ ਕੇ ਗੁਰੂ ਜੀ ਕੀ ਪੂਰੀ ਕੋ ਗਏ, ਸੰਮਤ 1930 ।

ਏਕ ਸਿੰਘ ਨੇ ਹਥ ਲਾਇਕੇ ਬਾਬੇ ਜਸਾ ਸਿੰਘ ਜੀ ਨੂੰ ਦੇਖਿਆ। ਪ੍ਰਾਣ ਹੈ ਨਹੀਂ, ਦੇਹ ਕਰਕੇ ਬੈਠੇ ਹੈਂ। ਚਾਰੋਂ ਤਰਫੋਂ ਮੈ ਬੈਠਕੇ ਭਜਨ ਕਰਨੇ ਲਗੇ । ਸਾਰਾ ਪਰਵਾਰ ਸੁਣ ਸੁਣ ਕੇ ਔਣੇ ਲਗੇ ।ਦਿਨ ਚੜੇ ਰਾਮਸਰ ਦਾਹ ਕਰਨੇ ਕੋ ਤਿਆਰੀ ਕੀਤੀ। ਚਿਖਾ ਚਿਨੀ ਹੋਈ ਸੀ। ਪਿੰਡ ਦੇ ਲੰਬਰਦਾਰ ਨੇ ਕਿਹਾ ਕੇ ਰਾਮ ਸਰ ਨਹੀਂ ਫੂਕਣ ਦਿਆਂਗੇ । ਪਿੰਡ ਕੇ ਮਸਾਣਾ ਮੇ ਫੂਕੋ ਕਿ ਸਾਡੇ ਖੇਤਾਂ ਮੈਂ ਹੱਡੀਆਂ ਦਾਣਿਆਂ ਮੈਂ ਰਲਦੀਆਂ ਹੈਂ। ਅਸੀਂ ਨਹੀਂ ਏਥੇ ਫੂਕਣ ਦਿਆਂਗੇ ।

ਜਿਸ ਬਖਤ ਬਾਬਾ ਜੀ ਚੜਾਈ ਕਰਨ ਲਗੇ ਓਸ ਬਖਤ ਬਾਬੇ ਜੀ ਕੇ ਕੋਲ ਇਕ ਸਿੰਘ ਸੀ।ਬਚਨ ਕੀਤਾ ਸੀ ਕਿ ਮੈਨੂੰ ਮਨਸਾ ਰਾਮ ਕੀ ਸਮਾਧ ਕੋਲ ਦਾਹ ਕਰਨਾ। ਬਾਬੇ ਜਸਾ ਸਿੰਘ ਜੀ ਕਾ ਵਾਕ ਪੂਰਾ ਹੋਣੇ ਕੇ ਵਾਸਤੇ ਪਿੰਡ ਦਿਆਂ ਕੋ ਬੁਰਾ ਦੇਣਾ ਸੀ। ਸਹੀ ਸੁਖੂ ਹੋਰਾਂ ਨੇ ਨਾਂਹ ਕੀਤੀ ਕੇ ਅਸੀਂ ਆਪਣੇ ਖੇਤਾਂ ਮੈਂ ਦਾਹ ਨਹੀਂ ਹੋਣ ਦਿੰਦੇ। ਚਿਖਾ ਚਿਨੀ ਹੋਈ ਬੰਦ ਕਰਵਾਈ ਸੀ।

ਮਹਾਰਾਜ ਜੀ ਪਹਿਲੇ ਸਿੰਘ ਭੇਜਿਆ ਰਾਈਆਂ ਕਿ ਪੁਛ ਆਓ। ਓਸ ਸਾਧ ਨੇ ਕਿਹਾ ਲੈ ਆਉ ।ਲਕੜੀਆਂ ਸੁਟੀਆਂ ਤੇ ਬਾਬੇ ਜੀ ਮਨਸਾ ਰਾਮ ਕੀ ਸਮਾਧ ਕੋਲ ਜਾਇ ਦਾਹ ਕੀਤੇ। ਚੜਦੇ ਪਾਸੇ ਸਮਾਧ ਕੇ । ਸਭ ਕੇ ਕੰਨ ਖੜੇ ਹੋਏ ।

(ਬਾਰ) ਬਟਨ ਫਰੰਗੀ ਪੁਲਸ ਕਾ ਤਿਸਨੇ ਮੁਕਬਲ ਖੜੇ ਕੀਤੇ ਹੋਏ ਸੇ। ਸਭ ਖਬਰ ਭੇਜ ਦਿੰਦੇ ਸੋ। ਅਰਜ਼ੀ ਦਿੱਤੀ ਕਿ ਸਾਡਾ ਪਿਤਾ ਚੜਾਈ ਕਰ ਗਿਆ ਹੈ। ਬਾਬੇ ਕੇ ਨਮਿਤ ਭੋਗ ਧਰਾਂਗੇ। ਸ੍ਰੀ ਗਰੰਥ ਸਾਹਿਬ ਜੀ ਕੇ ਪਾਠ ਅਗੇ ਬੰਦ ਸੇ । ਉਸੀ ਦਿਨ ਕਾ ਖੋਲਿਆ ਹੈ। ਪਾਠ ਹੋਣੇ ਲਗਾ। ਮਹਾਰਾਜ ਹਰੀ ਸਿੰਘ ਜੀ ਨੇ ਸਿੰਘ ਭੇਜ ਕੇ ਰਾਗੀ ਸਿੰਘ ਦੁਆਬੇ ਵਿਚੋਂ ਮੰਗਵਾਏ। ਬਾਬੇ ਚੜੇ ਥੀ, ਤੀਏ ਦਿਨ, ਆਇ ਮਥਾ ਟੇਕਿਆ। ਆਸਾ ਕੀ ਵਾਰ ਲਾਵਨੀ। ਪਹਿਲੀ ਰਾਤ ਕਾ ਦੀਵਾਨ ਦੋ ਬਖਤ ਕਾ ਸ਼ੁਰੂ ਕੀਤਾ। ਸਿੰਘ ਭੀ ਔਣੇ ਜਾਣੇ ਲਗੇ, ਹਰੇ ਵਾਈ ਹੋਣ ਲਗੀ । ਪਿੰਡ ਕੇ ਮਰਾਸੀ ਨੇ ਗੁਡਾ ਬੰਨ ਮੂਹ ਕਾਲਾ ਕਰਕੇ ਦਰਵਾਜੇ ਆਇ ਬਕਣਾ। ਮਹਾਰਾਜ ਜੀ ਸਿੰਘ ਭੇਜਿਆ ਕਿ ਅਰਜ਼ੀ ਪਾਓ। ਮਰਾਸੀ ਨਾਲੇ ਗਾਲਾਂ ਕਢਦਾ ਹੈ ਨਾਲੇ ਗੁਡਾ ਬੰਨਿਆਂ ਹੈ। ਨਾਲੇ ਸੀਂਹਾਂ ਨੇ ਸਾਡੇ ਪਿਤਾ ਕਾ ਸਰੀਰ ਦਾਹ ਨਹੀਂ ਹੋਣ ਦੀਆ ਪਿੰਡ ਮੇ । ਰਾਈਆਂ ਕੀ ਜੂਹ ਮੈ ਸਸਕਾਰੇ ਹੈ । ਕੁਲ ਕਾ ਮਰਾਸਾ ਸੀ , ਦੁਸ਼ਾਲਾ ਨਾਈ ਕੋ ਦੇ ਦੀਆ ਹੈ। ਨਾਈ ਕਹੇ ਕੇ ਮੇਰਾ ਹੈ। ਮਰਾਸੀ ਕੇ ਗੁਡਾ ਬੰਨਨੇ ਅਰ ਗਾਲਾਂ ਕਢਨੇ ਸੇ ਮਰਾਸੀ ਕੋ ਸਿੰਘ ਮਾਰਨੇ ਲਗੇ। ਮਹਾਰਾਜ ਨਾ ਮਾਰਨ ਦੀਆ। ਕਿ ਮਾਰੋ ਨਾ। ਅਰਜੀ ਦਿਉ ।

ਅਰਜੀ ਦੇਨੇ ਸੇ ਸੀਹੇ ਕੋ ਹਥਕੜੀ ,ਲਾਇ ਕੇ ਲੈ ਗਏ । ਮਰਾਸੀ ਭੀ ਸਦ ਭੇਜਿਆ । ਮਰਾਸੀ ਕੋ ਤੀਨ ਮਹੀਨੇ ਕੀ ਕੈਦ ਤੇ ਬੀਹ ਰੁਪੈ ਜੁਰਮਾਨਾ ਕੀਤਾ । ਸੀਹੇ ਨੂੰ ਕੈਦ ਹੋਣੀ ਸੀ ਪਰ ਮਹਾਰਾਜ ਦੇ ਅਗੇ ਬੇਨਤੀ ਕਰਨ ਲਗਾ ਕਿ ਮਹਾਰਾਜ ਸਾਤੋ ਤਾਂ ਹੋ ਗਈ ਹੈ । ਤੁਸੀਂ ਬਖਸ਼ੋ ਅਸੀਂ ਭੁੱਲ ਗਏ ਹੈਂ। ਤੇ ਬਟਨ ਮਹਾਰਾਜ ਜੀ ਕੋ ਆਖੇ ਤੁਸੀਂ ਨਾ ਰਾਜੀ ਨਾਮਾ ਪੌਣਾ। ਫੇਰ ਭੀ ਮਹਾਰਾਜ ਜੀ ਛੁਡਾਇ ਦੀਆ। ਨਹੀਂ ਤੇ ਛੇ ਮਹੀਨੇ ਕੀ ਕੈਦ ਹੋਣੀ ਸੀ। ਮਹਾਰਾਜ ਜੀ ਮੇਹਰਵਾਨ ਹੋਇਕੇ ਛੋੜ ਦੀਆ। "ਬੁਰਿਆਂ ਦੇ ਹਰਿ ਕਾਜ ਸਵਾਰੇ।" "ਅੰਤ ਕਹਿਓ ਹਰਿ ਛਾਡ ਦੇ ।"

ਮੈਂ ਤੇ ਨੈਣ ਮਿਹਰਾਂ, ਦੇ ਖੋਲਾ।  
ਮੈਂ ਮੈਂ ਕਰ ਮੈਂ ਜਨਮ ਗਵਾਇਆ  
ਮੈਂ ਪਈ ਡਾਢੇ ਮੋਲ ।  
ਬਾਦ ਬਿਬਾਦ ਸੁਆਦ ਗੁਆਚਾ  
ਸਖਣੀ ਰਹਿ ਗਈ ਝੋਲ।  
ਵਿਹੁ ਵਿਸ਼ਿਆਂ ਦੀ ਅੰਮ੍ਰਿਤ  
ਜਾਣੀ ਬੋਲੇ ਬੋਲ-ਕੁਬੋਲ ।  
"ਪ੍ਰੀਤਮ' ਤੇਰੀ ਸਾਰ ਨਾ ਜਾਤੀ  
ਬੀਤੀ ਜਿੰਦ ਅਮੋਲ ।  
ਪਰਖ ਨ ਗੁਣ ਅਵਗੁਣ ਤੂੰ ਮੇਰੇ  
ਰਖ ਲੈ ਚਰਨਾਂ ਕੋਲ ।

# ਸੰਤ ਸਤਿਗੁਰੂ

✍– ਰਾਜਿੰਦਰ ਸਿੰਘ ਗੁਰੂਸਰ

ਸਾਇੰਸ ਨੇ ਸਾਬਤ ਕਰ ਦਿਤਾ ਹੈ ਕਿ ਬ੍ਰਹਿਮੰਡ ਦਾ ਛੋਟੇ ਤੋਂ ਛੋਟਾ ਜ਼ਰਰਾ ਮਹਾਨ ਸ਼ਕਤੀ ਹੈ। ਪਰ ਇਸ ਨੂੰ ਸ਼ਕਤੀ-ਰੂਪ ਦੇਣ ਵਾਸਤੇ ਅੱਤ ਸੁਧਰੇ ਦਿਮਾਗ ਤੇ ਬੇਸ਼ਕੀਮਤ ਸਾਧਨਾਂ ਦੀ ਲੋੜ ਹੈ ਅਤੇ ਏਹ ਸਭ ਅਜੇ ਤਕ ਮਨੁਖ ਹਥੋਂ ਹੀ ਹੁੰਦਾ ਆਇਆ ਹੈ ਅਤੇ ਅਜੇਹਾ ਮਨੁਖ ਇਕ ਯਹੂਦੀ ਸਰਦਾਰ ਆਈਨ-ਸਟੀਨ ਹੋਇਆ ਹੈ, ਜਿਸਦੇ ਸਿਧਾਤਾਂ ਨੇ ਸਾਇੰਸ ਦੀ ਰੂਪ ਰੇਖਾ ਹੀ ਬਦਲ ਦਿਤੀ । ਤੇ ਉਹਨਾਂ ਸਦਕਾ ਹੀ ਮਨੁਖ ਅਜ ਤਾਰਿਆਂ ਦੇ ਸੁਪਨੇ ਲੈ ਰਿਹਾ ਹੈ । ਆਪਣੀ ਬਾਬਤ ਆਈਨ ਸਟੀਨ ਖੁਦ ਕਹਿੰਦਾ ਹੈ :

"ਏਹ ਕੋਈ ਘਟ ਕਰਾਮਤ ਨਹੀਂ ਕਿ ਜਿਨ੍ਹਾਂ ਈਸਾਈਅਤ ਨੇ ਯਹੂਦੀਆਂ ਦਾ ਖੁਰਾ ਖੋਜ ਮਿਟੌਣ ਦੀ ਕਸਮ ਖਾਧੀ ਹੋਈ ਹੈ, ਓਸੇ ਦੇ ਮਹਾਨ ਗਿਰਜੇ ਅਮਰੀਕਾ ਵਿਚ ਯਸ਼ੂਮਸੀਹ ਦੇ ਬਰਾਬਰ ਮੇਰੀ ਤਸਵੀਰ ਵੀ ਰਖੀ ਹੋਈ ਹੈ। ਪਰ ਅਜੇਹਾ ਮਹਾਨ-ਮਨੁਖ ਆਪਣੇ ਸ਼ਿਸ਼ਾਂ ਵਿਚੋਂ ਕੋਈ ਇਕ ਵੀ ਆਪਣੇ ਜੇਹਾ ਮਨੁਖ ਸੰਸਾਰ ਨੂੰ ਨਹੀਂ ਦੇ ਸਕਿਆ। ਜਦੋਂ ਇਕ ਅੰਗਰੇਜ਼ ਅਫਸਰ ਨੇ ਕਿਹਾ ਬਾਬਾ ਸਾਹਿਬ ਅਬ ਕਿਆ ਕਰੋਗੇ ?

ਬਿਲਿਆ ! ਹੁਣ ਮੈਂ ਘਰ-ਘਰ ਰਾਮ ਸਿੰਘ ਕਰ ਦਿਆਂਗਾ-ਸਤਿਗੁਰੂ ਰਾਮ ਸਿੰਘ ਜੀ ਫੁਰਮਾਇਆ।

ਸਤਿਗੁਰੂ ਜੀ ਪ੍ਰਦੇਸ-ਗਮਨ ਕਰ ਗਏ । ਤੇ ਸਮੁੰਦਰੋਂ ਪਾਰੋਂ ਇਕ ਪਤ੍ਰ ਰਾਹੀਂ ਹੁਕਮ ਲਿਖ ਦਿਤਾ "ਮੇਰੀ ਥਾਂ ਤੇ ਹੁਣ ਹਰੀ ਸਿੰਘ ਜੀ ਸਿੱਖੀ ਨੂੰ ਹਰੀ ਰੱਖਣਗੇ ।

ਮੇਰੇ ਧਕੇ ਨੂੰ ਏਹ ਬਖਸ਼ ਦੇਣਗੇ, ਏਹਨਾਂ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ।

ਏਸ ਤਰਾਂ ਨਾਮਧਾਰੀ ਪੰਥ ਦੀ ਵਾਗ ਡੋਰ। ਹੁਣ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਹਥ ਸੀ। ਪਰ ਸਤਿਗੁਰੂ ਰਾਮ ਸਿੰਘ ਜੀ ਦੇ ਆਪਣੇ ਹੀ ਬਚਨ ਮੁਤਾਬਕ-ਪੰਥ ਵਿਚ ਘਰ ਘਰ ਰਾਮ ਸਿੰਘ ਪੈਦਾ ਹੋ ਚੁਕਾ ਸੀ ? ਬੜੇ ਬੜੇ ਸ਼ੇਰ ਬਘੇਲੇ ਭਬਕਾਂ ਮਾਰ ਰਹੇ ਸਨ। ਜੁਵਾਲਾ-ਮੁਖੀ ਦੇ ਸ਼ਾਂਤ ਹੋਣ ਤੇ ਵੀ ਗੈਸਾਂ ਤੇ ਧੂਆਂ ਬਰਾਬਰ ਨਿਕਲ ਰਿਹਾ ਸੀ । ਸ਼ਾਂਤੀ-ਉਪਦੇਸ਼ ਦੇ ਬਾਵਜੂਦ ਵੀ ਸ਼ਕਤੀ ਅੰਗੜਾਈਆਂ ਲੈ ਰਹੀ ਸੀ ਅਤੇ ਹਲਕਾ ਰੋਸ ਵੀ ਉਬਲ ਉਬਲ ਬੈਠ ਰਿਹਾ ਸੀ ਕਿ ਗੁਰੂ ਰਾਮ ਸਿੰਘ ਜੀ ਨੇ ਕਿਸੇ ਇਨਕਲਾਬੀ ਦਰਿਆ ਨੂੰ ਆਗੂ ਬਣੌਣ ਦੀ ਬਜਾਏ, ਮਹਾਂਸ਼ਾਂਤ ਸਮੁੰਦਰ ਦੇ ਹੱਥ ਕੰਟਰੋਲ ਸੌਂਪ ਦਿੱਤਾ ਸੀ। ਏਸ ਤਰ੍ਹਾਂ ਧਰਤ ਗੋਲਾ ਜਦੋਂ ਚੱਕਰ ਚੜ੍ਹ ਚੁਕਾ ਸੀ, ਤਾਂ ਏਸ ਨੂੰ ਸ਼ਾਂਤ ਕਰਨਾ ਅਸੰਭਵ ਬਣੌਣ ਬਰਾਬਰ ਹੀ ਤਾਂ ਸੀ।

ਪਰ ਸਤਿਗੁਰੂ ਰਾਮ ਸਿੰਘ ਜੀ ਦੀ ਭਰਪੂਰ ਵਿਕਰਸ਼ਣ ਸ਼ਕਤੀ ਨੇ ਆਪਣਾ ਅਸਰ ਵਿਖਾਇਆ ' ਅਕਾਲ ਪੁਰਖ ਦਾ ਏਵੇਂ ਹੀ ਹੁਕਮ ਹੈ। ਆਪ ਸਭ ਨੇ ਨਾਮ ਜਪਣਾ ਤੇ ਬਾਣੀ ਪੜਨੀ। ਏਹ ਲਾਈ ਹੋਈ ਅੱਗ ਹੁਣ ਬੁਝੇਗੀ ਨਹੀਂ ਤੇ ਸਮਾਂ ਔਣ ਤੇ ਲਾਟਾਂ ਛੱਡੇਗੀ। ਪਰ ਆਪ ਨੇ ਪੂਰਨ ਸ਼ਾਂਤੀ ਰੱਖਣੀ। ਆਜ਼ਾਦੀ ਦਾ ਵਿਸ਼ਾਲ ਕੰਮ ਹੁਣ ਸ਼ਕਤੀ ਨਹੀਂ ਸਗੋਂ ਭਗਤੀ ਨਾਲ ਪੂਰਾ ਹੋਵੇਗਾ ।

ਗੱਦੀ ਨਸ਼ੀਨ ਹੋਣ ਤੋਂ ਪਹਿਲਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਚਰਿਤ੍ਰ ਏਨਾਂ ਘਟ ਉਜਾਗਰ ਸੀ ਕੇ ਸਿਰਫ ਲੰਗਰ ਦੀ ਸੇਵਾ, ਖੇਤੀ ਬਾੜੀ ਤੇ ਪਸ਼ੂ ਜਾਂ ਭਜਨ ਬੰਦਗੀ ਹੀ ਆਪਦਾ ਨਿਤ ਕਰਮ ਸੀ। ਚਮਤਕਾਰ ਤਾਂ ਭਾਵੇਂ ਏਸ ਸਾਦੀ ਜ਼ਿੰਦਗੀ ਵਿਚ ਵੀ ਉਹਨਾਂ ਦੇ ਘਟ ਨਹੀਂ ਸੀ । ਸਭ ਦੀਆਂ ਲੋੜਾਂ ਪੂਰੀਆਂ ਕਰਨੀਆਂ ਖ਼ਾਸ ਤੌਰ ਦੇ ਘਮੰਡੇ ਕੇ ਲਾਣੇ ਦੀਆਂ ਮੰਗਾਂ ਦਾ ਧਿਆਨ ਰੱਖਣਾ। ਜਿਨ੍ਹਾਂ ਦੀ ਓਸ ਵੇਲੇ ਸਹਿਜ ਦੁਸ਼ਮਣੀ ਜਗਤ ਪ੍ਰਸਿੱਧ ਸੀ। ਜਿਸ ਕੰਮ ਨੂੰ ਕੋਈ ਵੀ ਪਸੰਦ ਨਹੀਂ ਸੀ ਕਰਦਾ ਓਸ ਨੂੰ ਏਹ ਚਾਅ ਨਾਲ ਕਰਦੇ ਸਨ।

ਏਸ ਗੁਮਨਾਮੀ ਦਾ ਅਸਰ ਏਹ ਸੀ ਕਿ ਸ੍ਰੀ ਭੈਣੀ ਸਾਹਿਬ ਵਿਚ ਵੀ ਬੜੇ-ਬੜੇ ਚਕਰ ਧਾਰੀ ਮੌਜੂਦ ਸਨ ਜੋ ਸਤਿਗੁਰੂ ਜੀ ਦੀਆਂ ਪਿਆਰ ਜ਼ੰਜ਼ੀਰਾਂ ਨੂੰ ਕਟ ਕਟੌਣ ਲਈ ਤਤਪਰ ਰਹਿੰਦੇ ! ਕਹਿੰਦੇ ਨੇ ਸਤਿਗੁਰੂ ਜੀ ਧੱਪੇ ਖੋਰ ਨਾਲ ਧੱਕਾ ਬਿਲਕੁਲ ਨਹੀਂ ਸੀ ਕਰਦੇ, ਸਗੋਂ ਉਸਨੂੰ ਮਨ ਮੰਨੀ ਹੀ ਕਰਨ ਦਿੰਦੇ । ਅੰਤ ਨੂੰ ਸ਼ਾਂਤੀ ਪੁੰਜ ਹੀ ਸਭ ਦੁੱਖਾਂ ਦੇ ਦਾਰੂ ਸਨ। ਤੇ ਅੱਖੜਾਂ ਨੂੰ ਝੁਕਣਾ ਹੀ ਪੈਂਦਾ।

ਸਤਿਗੁਰੂ ਜੀ ਬਚਨ ਬਹੁਤ ਘਟ ਕਰਦੇ ਸਨ। ਹਮੇਸ਼ਾ ਨੀਂਵਾ ਝਾਕਣਾ ਤੇ ਪ੍ਰਦੇਸੀ ਪਿਆਰੇ ਦੀ ਯਾਦ ਵਿਚ ਅੱਥਰੂ ਵਹੌਣੇ ਨਿਤ ਕਰਮ ਦਾ ਜ਼ਰੂਰੀ ਅੰਗ ਸਨ। 'ਆਂਹ ਸਰਦੋ, ਰੰਗ ਜ਼ਰਦੋ, ਚਸ਼ਮਤਰ। ਪੰਥ ਵਿਚ ਕਲਾ ਧਾਰੀਆਂ ਦੀ ਕਮੀਂ ਨਹੀਂ ਸੀ। ਅਨੰਤ ਸੂਰਜਾਂ ਦੀ ਚਮਕ ਰੱਖਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਕਿਰਨਾਂ ਸੁਮੇਰ ਪਰਬਤ

ਦੇ ਉਸ ਪਾਰ ਪ੍ਰਜਵਲਤ ਹੋ ਜਾਣ ਤੇ ਇਹ ਜੋਤਾਂ ਹੁਣ ਪੂਰੀ ਸ਼ਕਤੀ ਨਾਲ ਸਾਕਾਤ ਹੋ ਉਠੀਆਂ ਸਨ। ਇਹਨਾਂ ਮਹਾਨ ਪੁਰਸ਼ਾਂ ਦੇ ਨਾਲ ਗਿਣੌਣੇ ਸਹਿਲ ਕੰਮ ਨਹੀਂ। ਕਈ ਜਵਾਹਰ ਜੋਤਾਂ ਕੇਸਰੀ ਖੁਸਬੂ ਨਾਲ ਪੰਥ ਨੂੰ ਗਰਮਾ ਤੇ ਮਹਿਕਾਂ ਰਹੀਆਂ ਸਨ। ਅਨੰਤ ਹੀਰੇ ਹੁਕਮ ਨਹੀਂ ਇਸ਼ਾਰਾ ਮਿਲਨ ਤੇ ਹੀ ਜ਼ਿੰਦਗੀ ਘੋਲ ਘੁਮੌਣ ਲਈ ਤਤਪਰ ਸਨ। ਪਰ ਸ਼ਕਤੀ ਨੂੰ ਕਾਬੂ ਵਿਚ ਰਖਣਾ ਪਾਰਾ ਬਨ੍ਹੰਣ ਬਰਾਬਰ ਹੀ ਤਾਂ ਹੈ। ਥਾਂ ਥਾਂ ਜਵਾਲਾ ਪੂਰੀਆਂ ਉਜਾਗਰ ਹੋ ਰਹੀਆਂ ਸਨ। ਮਰਦੇ ਜ਼ਿੰਦਾ ਕੀਤੇ ਜਾ ਰਹੇ ਸਨ। ਅਤੇ ਵੱਡੇ ਵੱਡੇ ਡੇਰੇ ਆਬਾਦ ਹੋ ਰਹੇ ਸਨ, ਜਿੰਨਾਂ ਦੀ ਮਹੱਤਤਾ ਭੈਣੀ ਸਾਹਿਬ ਨੂੰ ਚੁੰਧਿਆ ਰਹੀ ਸੀ। ਤੇ ਸ਼ੰਕਾ ਪੈਦਾ ਹੋ ਰਹੀ ਸੀ-

"ਘਰੁ ਘਰ ਹੋਇ ਬਹੇਂਗੇ ਰਾਮਾ।"

ਸਤਿਗੁਰੂ ਹਰੀ ਸਿੰਘ ਜੀ ਦੇ ਮੋਡਿਆਂ ਤੇ ਪੰਥ ਦੀ ਜ਼ਿੰਮੇਵਾਰੀ ਦਾ ਬੋਝ ਸੀ। ਤੇ ਓਹ ਮਹਿਸੂਸ ਕਰਨ ਲਗ ਪਏ ਸਨ ਕਿ ਪੰਥ ਵਿਚੋਂ ਕਿਤੇ ਸੰਤ ਪੁਣਾਂ ਖਤਮ ਹੋ ਕੇ ਗੁਰੂ ਹੀ ਨਾਂ ਬਣਨੇ ਸ਼ੁਰੂ ਹੋ ਜਾਣ। ਅਤੇ ਸੇਵਾ ਕਰਨ ਦੀ ਥਾਂ ਕਰੌਣ ਦੀ ਪਰਪਾਟੀ ਨਾ ਚਲ ਪਏ।

ਥਾਂ ਥਾਂ ਰੰਗੀਨ ਮਹਿਕਾਂ ਉਠਦੀਆਂ ਨਜ਼ਰੀ ਪੈ ਰਹੀਆਂ ਸਨ। ਮਿਠੀ ਸੁਗੰਧ ਨਾਲ ਦਿਲ ਦਿਮਾਗ ਧੰਨ ਧੰਨ ਤੇ ਤਰੋ ਤਾਜ਼ਾ ਹੋ ਰਹੇ ਸਨ! ਸਤਿਗੁਰੂ ਜੀ ਦੇ ਜਿਥੇ ਸ਼ਹਾਨਾ ਸਵਾਗਤ ਹੋ ਰਹੇ ਸਨ ਓਥੇ ਕਿਧਰੇ ਕੋਈ ਮਨ ਮਤ ਤੇ ਹੰਕਾਰੀ ਬੂ ਦੀ ਖ਼ਬਰ ਵੀ ਕੰਨਾਂ ਵਿਚ ਪੈ ਜਾਂਦੀ ਸੀ । ਅਤੇ ਏਸੇ ਤਰਾਂ ਦੇ ਬੂ ਦੀ ਖਬਰ ਇਕ ਸਿੱਖ ਨੇ ਸਤਿਗੁਰੂ ਹਰੀ ਸਿੰਘ ਜੀ ਦੇ ਕੰਨਾਂ ਵਿਚ ਦਿਤੀ। ਸਿਖ ਨੇ ਦਸਿਆ:

ਪਾਤਸ਼ਾਹ ! ਬਾਬਾ ਜੀ ਦੇ ਡੇਰੇ ਕੋਈ ਬੁਰੇ ਇਰਾਦੇ ਨਾਲ ਇਕ ਕਦਮ ਵੀ ਚੁਕੇ ਤਾਂ ਅੰਨਾਂ ਹੋ ਜਾਂਦਾ ਹੈ । ਚੋਰਾਂ ਨੇ ਮੱਝਾ ਖੋਲੀਆਂ ਤਾਂ ਸਾਰੀ ਰਾਤ ਓਥੇ ਹੀ ਘੁੰਮਦੇ ਰਹੇ। ਜਦੋਂ ਕਿੱਲਿਆਂ ਵੱਲ ਜਾਣ ਤਾਂ ਦਿੱਸਣ ਲਗ ਜਾਏ ਤੇ ਜੇ ਬਾਹਰ ਜਾਣ ਲਗਣ ਤਾਂ ਅੰਨੇ ਹੋ ਜਾਣ। ਇਕ ਸਿੱਖ ਨੇ ਬਿਨਾ - ਆਗਿਆਂ ਜਦੋਂ ਗੁੜ ਦੀ ਡਲੀ ਮੂੰਹ 'ਚ ਪਾਈ ਤਾਂ ਗਲ ਵਿਚ ਵੀ ਫਸ ਗਈ । ਤੇ ਨਿਕਲੀ ਓਦੋਂ ਹੀ ਜਦੋਂ ਉਸ ਬਾਬਾ ਜੀ ਤੋਂ ਮਾਫੀ ਮੰਗ ਲਈ। 'ਹੁਕਮੇ ਬਾਝ ਨਾ ਝੂਲੇ ਪਾਤਾ'.............

ਸਤਿਗੁਰ ਜੀ ਅਗੇ ਥਾਂ ਥਾਂ ਤੋਂ ਅਰਦਾਸ ਪਹੁੰਚ ਰਹੀਆ ਸਨ, ਪਹਿਲੋਂ ਸਾਨੂੰ ਦਰਸ਼ਨ ਦਿਓ । ਪਰ ਬਾਬਾ ਜੀ ਦੇ ਡੇਰੇ ਤੋਂ ਕੋਈ ਅਰਦਾਸ ਨਾ ਪਹੁੰਚੀ, ਜਦੋਂ ਕੇ ਡੇਰਾ ਬਹੁਤ ਹੀ ਨੇੜੇ ਸੀ । ਸਤਿਗੁਰੂ ਪ੍ਰਤਾਪ ਦੀ ਸੁਗੰਧੀ ਸਾਰੇ ਪੰਜਾਬ ਵਿਚ ਸੀ ਫੈਲ ਰਹੀ ਸੀ। ਹਾਂ - 'ਭੂਲੇ ਸਿਖ ਗੁਰੂ ਸਮਝਾਏ ਉਝੜ ਜਾਂਦੇ ਮਾਰਗ ਪਾਏ।'

ਬਾਬਾ ਜੀ ਦੇ ਡੇਰੇ ਦਾ ਧੂੰਆਂ ਨਜ਼ਰ ਆ ਰਿਹਾ ਸੀ। ਛੱਤੀ ਪਦਾਰਥਾਂ ਦੀ ਖੁਸ਼ਬੂ ਤੇ ਮਸਤ ਹੋ । ਭਵਰੇ ਗੂੰਜ ਰਹੇ ਸਨ । ਅਤੇ ਸੁਗਧਾਂ ਦੇ ਦਿਨਾਂ ਦੇ ਵਾਂਗ ਕਾਗਲੇ ਬੁਰਕੀਆਂ ਚੁਗੌਣ ਵਾਸਤੇ ਬਨੇਰਿਆਂ ਤੇ ਕਾਂ ਕਾਂ ਦੀਆਂ ਰਿਚਾਂ ਉਚਾਰ ਰਹੇ ਸਨ। ਹੁਣ ਸਤਿਗੁਰੂ ਜੀ ਅਸਲੋਂ ਨੇੜੇ ਸਨ ।

ਸਿੱਖਾਂ ਨੇ ਜੈਕਾਰਾ ਛੱਡਿਆ। ਪਰ ਅੰਦਰੋਂ ਕੋਈ ਜਵਾਬ ਨਹੀਂ ਸੀ ਆਇਆ । ਸਿੱਖਾਂ ਨੇ ਕਿਹਾ ਪਾਤਸ਼ਾਹ! ਮਰਿਯਾਦਾ ਪਾਲਨ ਹਿਤ ਸੰਤ ਸਾਧ ਆਪ ਦੇ ਸਵਾਗਤ ਲਈ ਨਹੀਂ ਆਏ ? ਸਾਹਿਬਾਂ ਫੁਰਮਾਇਆ -ਅਸੀਂ ਜੂ ਜਾ ਰਹੇ ਹਾਂ

ਘੋੜਿਆਂ ਦੀ ਟਾਪ ਫਾਟਕ ਨਾਲ ਜਾ ਟਕਰਾਈ ਤੇ ਨੇੜੇ ਪਈ ਢੋਲਕੀ ਵਿਚੋਂ ਪ੍ਰੀਤ ਧੁਨੀ ਉਠੀ ਅਤੇ ਛੈਣੇ ਝਨ-ਝਨਾ ਗਏ।

ਅਧ ਗ੍ਰਹਿਣੇ ਚੰਦ ਦੀ ਤਰਾਂ, ਸੰਤ ਪਲੰਘ ਤੇ ਬੈਠ ਸੰਗਤਾਂ ਨੂੰ ਪ੍ਰਵਚਨ ਸੁਨਾ ਰਹੇ ਸਨ। ਫਾਟਕ ਪਾਸੇ ਦੀ ਕੋਈ ਕਿਰਨ ਉਹਨਾਂ ਦੇ ਅੰਤਰ ਹਨੇਰੇ ਨੂੰ ਲਿਸ਼ਕਾ ਨ ਸਕੀ। ਹਉਮੈ ਦੇ ਮਹਾਂ ਜਾਲ ਦਾ ਸਿਕੰਜਾ ਉਹਨਾਂ ਤੇ ਪੂਰੀ ਤਰਾਂ ਕਸਿਆ ਜਾ ਚੁੱਕਾ ਸੀ।

ਸਤਿਗੁਰੂ ਜੀ ਝਟਕੇ ਨਾਲ ਘੋੜੀ ਤੋਂ ਉਤਰੇ ਤੇ ਸੰਤਾਂ ਦੇ ਚਰਨਾਂ ਕੋਲ ਜਾ ਖਲੋਤੇ। ਸੰਗਤ ਉਠਕੇ ਖਲੋ ਗਈ। ਪਰ ਸੰਤ ਅਡੋਲ ਰੁੱਖ ਦੀ ਤਰਾਂ ਅਹਿੱਲ- ਕਲਪ ਬ੍ਰਿਸ਼ ਦੀ ਛਾਵੇਂ ਬੈਠੇ ਰਹੇ। ਸਤਿਗੁਰੂ ਜੀ ਨੇ ਝੁਕ ਕੇ ਪੂਰੀ ਨਿਮਰਤਾ ਨਾਲ ਚਰਨਾਂ ਨੂੰ ਹੱਥ ਲਾਇਆ। ਤੇ ਉਹ ਮਹਾਨ ਪੁਰਸ਼ ਬਾਬਾ ਸੰਮਾ ਸਿੰਘ ਜੀ - ਜੋ ਗੁਰੂ ਹੋਣ ਦੇ ਸੁਪਨੇ ਲੈ ਰਹੇ ਸਨ - ਨੂੰ ਪੂਰਨ ਸੰਤ ਬਣਾ ਦਿੱਤਾ ਅਤੇ ਹਉਮੈ ਦਾ ਕੰਡਾ ਜੋ ਚੋਭ ਦੀ ਤਰਾਂ ਸੀ ਸੰਤਾਂ ਨੂੰ ਇਕ ਨਵੇਕਲੇ ਰਾਹ ਤੇ ਪਾਕੇ ਉਜਾੜ ਜੰਗਲਾਂ ਵਿਚ ਭਟਕਣ ਲਈ ਮਜਬੂਰ ਕਰ ਰਿਹਾ ਸੀ, ਕਢਕੇ ਸਤਿਗੁਰੂ ਜੀ ਨੇ ਆਪਨੂੰ ਨਿਰਬਲ ਨਿਰਮਲ ਤੇ ਉਜਲ ਧਾਰਾ ਦੇ ਸ੍ਰੋਤ ਵਿਚ ਪਲਟਕੇ ਗੁਰਮੁਖ ਨੂੰ ਗਾਡੀ ਰਾਹ ਤੇ ਚਲਾ ਦਿੱਤਾ ਅਤੇ ਕਮੀਨੀਆਂ ਰਿਧੀਆਂ ਸਿਧੀਆਂ ਜੋ ਸੰਤਾਂ ਨੂੰ ਸਤਿਗੁਰੂ ਤੋਂ ਵੇਮੁਖ ਕਰ ਰਹੀਆਂ ਸਨ-ਇਓਂ ਨੱਸ ਗਈਆਂ ਜਿਵੇਂ ਦੇਵ ਦਰਸ਼ਨ ਤੋਂ ਭੂਤ ਪ੍ਰੇਤ ਦੌੜ ਜਾਂਦੇ ਨੇ।

ਕਿਸੇ ਮਹਾਂ ਪੁਰਸ਼ ਨੇ ਠੀਕ ਹੀ ਤਾਂ ਕਿਹਾ ਹੈ - ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਸੂਰਬੀਰ ਤੇ ਸਿਰਲਥ ਸੂਰਮੇ ਪੈਦਾ ਕੀਤੇ, ਓਥੇ ਸੰਤ ਸਰੂਪ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਰਾਜ ਨੇ ਪੂਰਨ ਸੰਤ ਪੈਦਾ ਕੀਤੇ ।

# ਕੂਕਾ- ਸੰਗਰਾਮ ਦਾ ਸਿਰਨਾਵਾਂ-ਗੁਰੂ ਹਰੀ ਸਿੰਘ ਜੀ

✍- ਸੁਵਰਨ ਸਿੰਘ ਵਿਰਕ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਤੋਂ ਬਾਅਦ 1872 ਈ: ਦੀ ਜਨਵਰੀ ਤੋਂ ਮਈ 1906 ਈ: ਤੱਕ, ਚੌਤੀ ਸਾਲ ਅਤੇ ਚਾਰ ਮਹੀਨੇ, ਨਾਮਧਾਰੀ ਪੰਥ ਦੀ ਅਗੁਆਈ ਸ੍ਰੀ ਗੁਰੂ ਹਰੀ ਸਿੰਘ ਜੀ ਨੇ ਕੀਤੀ ਸੀ। ਇਹ ਸਮਾਂ ਨਾਮਧਾਰੀਆਂ ਜਾਂ ਕੂਕਿਆਂ ਲਈ ਬੜੀਆਂ ਮੁਸ਼ਕਿਲਾਂ ਦੇ ਦੌਰ ਵਿਚੋਂ ਲੰਘਣ ਵਾਲਾ ਸਮਾਂ ਸੀ। ਸਰਕਾਰੀ ਇਜਾਜ਼ਤ ਤੋਂ ਬਿਨਾਂ ਕਿਤੇ ਵੀ ਪੰਜ ਜਾਂ ਇਸ ਤੋਂ ਵੱਧ ਕੂਕੇ, ਆਪਣੀਆਂ ਧਾਰਮਿਕ ਜਾਂ ਸਮਾਜਿਕ ਗਤੀਵਿਧੀਆਂ ਕਰਨ ਲਈ ਇਕੱਠੇ ਨਹੀਂ ਸਨ ਹੋ ਸਕਦੇ। ਕੂਕਿਆਂ ਦੇ ਸਮੁੱਚੇ ਫਿਰਕੇ ਨੂੰ ਆਪਣੇ ਦੇਸ਼ ਨਾਲ ਪ੍ਰੇਮ ਕਰਨ ਦੇ ਦੋਸ਼ ਹੇਠ, ਬਾਗ਼ੀ ਫਿਰਕਾ ਕਰਾਰ ਦੇ ਕੇ, ਉਹਨਾਂ ਨਾਲ ਜੁਰਾਇਮ ਪੇਸ਼ਾ ਲੋਕਾਂ ਜਿਉਂ ਵਿਹਾਰ ਕੀਤਾ ਜਾਂਦਾ ਸੀ। ਉਹਨਾਂ ਦੇ ਘਰਾਂ ਵਿਚ ਵੀ ਸੁਬਹ ਸ਼ਾਮ ਸਰਕਾਰੀ ਕਰਿੰਦੇ, ਉਹਨਾਂ ਦੀ ਹਾਜ਼ਰੀ ਲਾਉਂਦੇ ਸਨ। ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ, ਨਾਮਧਾਰੀ ਧਰਮਸ਼ਾਲਾ ਸ੍ਰੀ ਅੰਮ੍ਰਿਤਸਰ ਅਤੇ ਨਾਮਧਾਰੀ ਡੇਰਾ ਦੁਰਗਾਪੁਰ (ਨਵਾਂ ਸ਼ਹਿਰ) ਆਦਿ ਸਥਾਨਾਂ ਤੇ ਪੁਲਿਸ ਦੀ ਨਫ਼ਰੀ ਤਾਇਨਾਤ ਕੀਤੀ ਗਈ ਸੀ ਅਤੇ ਇਹਨਾਂ ਕੇਂਦਰਾਂ ਵਿਚ ਸੀਮਿਤ ਮਾਤਰਾ ਵਿਚ ਹੀ ਕੂਕੇ ਸਿੰਘ ਜਾ ਸਕਦੇ ਸਨ, ਉਹ ਵੀ ਸੀਮਿਤ ਸਮੇਂ ਲਈ। ਪੰਜਾਬ ਦੇ ਕੂਕੇ ਸਿੰਘਾਂ ਵਿਚੋਂ ਸਰਕਾਰੀ ਵਿਰੋਧੀ ਕਾਰਵਾਈਆਂ ਵਿਚ ਸ਼ਾਮਲ ਹੋਣ ਵਾਲਿਆਂ ਦੀਆਂ ਜ਼ਮੀਨ-ਜ਼ਾਇਦਾਦਾਂ ਜ਼ਬਤ ਕਰਕੇ, ਕੋਠੇ-ਕੁੱਲੇ ਢਾਅ ਦਿੱਤੇ ਗਏ ਸਨ। ਬਿਪਤਾ ਦੇ ਅਜਿਹੇ ਸਮੇਂ ਵਿਚ, ਇਸ ਬਾਗੀ ਫ਼ਿਰਕੇ ਦੀ ਸਰਕਾਰੀ ਦਮਨ ਤੰਤਰ ਹਥੋਂ ਹੁੰਦੀ ਪਰਤਾੜਨਾ ਤੋਂ, ਉਹਨਾਂ ਦਾ ਮਨੋਬਲ ਕਾਇਮ ਰੱਖਣਾ, ਗੁਰੂ ਹਰੀ ਸਿੰਘ ਜੀ ਦੇ ਹਿੱਸੇ ਆਇਆ।

ਆਪ ਜੀ ਦਾ ਆਗਮਨ, ਸ੍ਰੀ ਭੈਣੀ ਸਾਹਿਬ ਵਿਖੇ ਪਿਤਾ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਗ੍ਰਿਹ ਵਿਖੇ 8 ਅੱਸੂ, ਅੱਸੂ ਸੁਦੀ ਤੀਜ, 1876 ਬਿਕਰਮੀ ਮੁਤਾਬਿਕ 22 ਸਤੰਬਰ ਸੰਨ 1819 ਈ: ਦਿਨ ਬੁੱਧਵਾਰ ਨੂੰ ਹੋਇਆ। ਇਸੇ ਲਈ ਪਰਿਵਾਰ ਵੱਲੋਂ ਆਪ ਦਾ ਨਾਂ ਬੁੱਧ ਸਿੰਘ ਰੱਖਿਆ ਗਿਆ। ਵੱਡੇ ਭਾਈ (ਸਤਿਗੁਰੂ) ਰਾਮ ਸਿੰਘ ਜੀ ਉਮਰ ਕਰਕੇ ਆਪ ਤੋਂ ਪੌਣੇ ਕੁ ਚਾਰ ਸਾਲ ਵੱਡੇ ਸਨ। ਇਸੇ ਲਈ ਪਹਿਲਾਂ ਵੱਡੇ ਭਰਾਤਾ ਦੇ ਨਾਤੇ, ਬਾਅਦ ਵਿਚ ਉਹਨਾਂ ਦੇ ਦੈਵੀ ਜੀਵਨ ਦੇ ਅਲੌਕਿਕ ਰੰਗ ਵੇਖ ਕੇ, ਆਪ ਹਮੇਸ਼ਾਂ ਹੀ ਉਹਨਾਂ ਦਾ ਅਦਬ ਸਤਿਕਾਰ ਕਰਦੇ ਸਨ। ਉਹਨਾਂ ਨੂੰ ਆਪ ਕਦੇ ਵੀ ਕੋਈ ਔਖਾ ਭਾਰਾ ਕੰਮ ਨਾ ਕਰਨ ਦਿੰਦੇ, ਸਗੋਂ ਅਜਿਹੇ ਕੰਮਾਂ ਲਈ ਆਪ ਹੀ ਜੁੱਟ ਜਾਂਦੇ। ਪਿਤਾ ਨਾਲ ਲੁਹਾਰਾ ਤਰਖਾਣਾ ਕਿੱਤਾ ਅਤੇ ਖੇਤੀ ਬਾੜੀ ਦੇ ਕਾਰਜਾਂ ਵਿਚ, ਜਵਾਨ ਹੁੰਦਿਆਂ ਹੀ ਹੱਥ ਵਟਾਉਣ ਲੱਗ ਪਏ। ਸਰੀਰ ਮੁੱਢ ਤੋਂ ਹੀ ਫੁਰਤੀਲਾ ਸੀ। ਕੰਮ ਕਾਰ ਕਰਦਿਆਂ ਅਕਦੇ-ਥਕਦੇ ਨਹੀਂ ਸਨ। ਸਤਿਗੁਰੂ ਹਰੀ ਸਿੰਘ ਜੀ ਆਪਣੀ ਅਵਸਥਾ ਦੇ ਆਖਰੀ ਸਾਲਾਂ ਵਿਚ, ਡੇਰੇ ਵਿਚ ਰਹਿਣ ਵਾਲੇ ਸਿੰਘਾਂ ਨੂੰ ਟਹਿਲ ਸੇਵਾ ਦੀ ਮਹੱਤਤਾ ਬਾਰੇ ਦੱਸਦਿਆਂ, ਭਾਈ ਸੰਤੋਖ ਸਿੰਘ ਬਾਹੋਵਾਲ ਦੇ ਸ਼ਬਦਾਂ ਵਿਚ ਫੁਰਮਾਉਂਦੇ ਹਨ:

"ਮੈਂ ਜਦ ਕੰਮ ਕਰਦਾ ਸੀ ਤਾਂ ਪੰਜਾਂ ਸਰੀਰਾਂ ਦਾ ਕੰਮ ਸੀ, ਮੈਂ ਇੱਕਲਾ ਹੀ ਕਰਦਾ ਸੀ। ਥਕੇਵਾਂ ਨਾ ਸੀ ਹੁੰਦਾ। ਸ੍ਰੀ ਸਤਿਗੁਰੂ ਜੀ ਤੇ ਥੋੜਾ ਚਿਰ ਖੇਤੀ ਕੀਤੀ। ਸਤਿਗੁਰਾਂ ਦੇ ਹੱਥਾਂ ਪਰ ਬਿਆਈਆਂ ਪਈਆਂ। ਜੇੜ੍ਹੇ ਕੰਮ ਨੂੰ ਲੱਗਦੇ ਸੇ ਕੰਮ ਅੱਗੇ ਉਡਿਆ ਫਿਰਦਾ ਸੀ। ਹੁਣ ਦੇ ਜੁਆਨ ਲੁਕੇ ਫਿਰਦੇ ਹੈਂ। ਟਹਿਲਾ ਕਿਸੇ ਵੇਲੇ ਹੱਥ ਨਹੀਂ ਔਣਾ ਹੈ। ਟਹਿਲਾ ਕਰਨ ਵਾਲਿਆਂ ਕੋ ਬੇਅੰਤ ਸੁਖ ਹੋਣਗੇ।"

ਇਕ ਹੋਰ ਸਮੇਂ ਗੁਰੂ ਜੀ ਆਪਣੀ ਪਹਿਲੀ ਉਮਰ ਦੇ ਕਾਰ-ਵਿਹਾਰਾਂ ਬਾਰੇ ਦੱਸਦੇ ਹਨ:

"ਜਾਂ ਅਸੀਂ ਤਕੜੇ ਹੋਏ ਤਾਂ ਬਾਬਾ ਜੱਸਾ ਸਿੰਘ ਜੀ ਨਾਲ ਕੰਮ-ਕਾਰ ਦੀ ਮਦਦ ਦੁਆਉਣੀ। ਅਹਿਰਨ ਹਾਲੀ ਭੀ ਤਪੌਣੀ। ਰੰਬਾ ਦਾਤਰੀ ਭੀ ਚੰਡਣੇ। ਨਿੱਕੇ ਸੰਦ ਬਣਾਇ ਛੱਡਣੇ, ਸੋ ਇਕ ਜਣੇ। ਫਿਰ ਬਾਬੇ ਕੋ ਕੰਮ ਨਹੀਂ ਕਰਨ ਦਿੱਤਾ। ਸਾਨੂੰ ਜ਼ਿਮੀਦਾਰ ਦਾਣਾ ਦੇਂਦੇ ਸੀ। ਤਾਂ ਨਿੱਕਾ ਦਾਣਾ ਅਗਲਾ ਜੋ ਹੁੰਦਾ ਸੀ ਕਾਮੇ ਜਾਣ ਕੇ।"

ਮਾਲਕੀ ਵਾਲੀ ਜ਼ਿਮੀਂਦਾਰ ਸ਼੍ਰੇਣੀ ਵੱਲੋਂ, ਪਿੰਡ ਦੇ ਬੇਜ਼ਮੀਨੇ ਕਿਰਤੀ, ਕਾਮਿਆਂ, ਦਸਤਕਾਰਾਂ ਨਾਲ ਜਿਸ ਤਰਾਂ ਦਾ ਜਾਤ ਅਭਿਮਾਨੀ ਸਲੂਕ ਕੀਤਾ ਜਾਂਦਾ ਸੀ, ਗੁਰੂ ਹਰੀ ਸਿੰਘ ਜੀ ਉਸਦੇ ਵੀ ਭੁਗਤ-ਭੋਗੀ ਸਨ। ਇਸ ਸਲੂਕ ਨੇ ਤਾਂ ਉਦੋਂ ਸਾਰੀਆਂ ਹੱਦਾਂ ਟੱਪ ਛੱਡੀਆਂ ਜਦੋਂ 1874 ਈ: ਵਿਚ, ਬਾਬਾ ਜੱਸਾ ਜੀ ਸਿੰਘ ਦੇ ਚਲਾਣੇ ਬਾਅਦ, ਰਾਮ ਸਰ ਕੋਲ ਉਹਨਾਂ ਦੇ ਸਸਕਾਰ ਦੀ ਤਿਆਰੀ ਕੀਤੀ ਗਈ ਤਾਂ ਫਿਰ ਪਿੰਡ ਦੇ ਕੁਝ ਹੈਂਕੜਬਾਜਾਂ ਨੇ ਇਹ ਕਹਿ ਕੇ ਰੋਕ ਦਿੱਤਾ ਕਿ ਇੱਥੇ ਅਸੀਂ ਪਿੜ ਲਾਉਂਦੇ ਹਾਂ, ਸਾਡੇ ਦਾਣਿਆਂ ਵਿਚ ਹੱਡੀਆਂ ਰਲਣਗੀਆਂ। ਬਾਬਾ ਜੀ ਦਾ ਸਸਕਾਰ ਤਾਂ ਬਾਬਾ ਮਨਸਾ ਰਾਮ ਉਦਾਸੀ ਦੀ ਸਮਾਧ ਪਾਸ ਹੋ ਗਿਆ ਕਿਉਂਕਿ ਦੋਹਾਂ ਦਾ ਬੜਾ ਪਿਆਰ ਸੀ ਅਤੇ ਬਾਬਾ ਜੱਸਾ ਸਿੰਘ ਜੀ ਦਾ ਫੁਰਨਾ ਵੀ ਇਹੋ

ਸੀ ਪਰ ਇਸ ਘਟਨਾ ਨਾਲ ਪੈਦਾ ਹੋਈ ਤਲਖੀ ਨੂੰ ਦੂਰ ਕਰਨ ਵਿਚ ਕਾਫੀ ਸਮਾਂ ਲੱਗਾ।

ਗੁਰੂ ਹਰੀ ਸਿੰਘ ਜੀ ਨੇ ਆਪਣੇ ਹਿਰਦੇ ਦੀ ਵਿਸ਼ਾਲਤਾ ਅਤੇ ਸਹਿਨਸ਼ੀਲਤਾ ਨਾਲ ਹੋਲੀ-ਹੋਲੀ ਵਿਰੋਧੀਆਂ ਨੂੰ ਵੀ ਆਪਣਾ ਬਣਾ ਲਿਆ। ਜਦੋਂ ਗੁਰੂ ਘਰ ਦਾ ਪਰਮੁਖ ਵਿਰੋਧੀ ਘੁਮੰਡਾ ਲੰਬੜਦਾਰ ਬਿਮਾਰ ਹੋ ਗਿਆ ਤਾਂ ਆਪ ਕਈ ਵਾਰ ਉਸਦੀ ਖਬਰ ਸਾਰ ਲੈਣ ਗਏ। ਇਸੇ ਤਰ੍ਹਾਂ ਗੁਰੂ ਘਰ ਦਾ ਨੁਕਸਾਨ ਕਰਨ ਵਾਲਿਆਂ ਵਿਰੁੱਧ ਜਦੋਂ ਕੋਈ ਸਿੰਘ ਸਰਕਾਰੇ ਦਰਬਾਰੇ ਕਾਰਵਾਈ ਕਰਦਾ ਤਾਂ ਜਦੋਂ ਉਸਨੂੰ ਜੁਰਮਾਨਾ ਜਾਂ ਕੈਦ ਹੋਣ ਲੱਗਦੀ, ਉਸਦੇ ਚਰਨੀਂ ਲੱਗਣ ਤੇ ਆਪ ਉਸਦੇ ਗੁਨਾਹਾਂ ਦੀ ਸਜ਼ਾ ਦੀ ਮੁਆਫ਼ੀ ਦਿਵਾ ਦਿੰਦੇ। ਬਹੁਤ ਲੰਮਾ ਸਮਾਂ ਆਪ ਨੂੰ ਡੇਰੇ ਵਿਖੇ ਹੀ ਰਹਿਣ ਤੇ ਮਜ਼ਬੂਰ ਕੀਤਾ ਗਿਆ। ਆਪ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਨਹੀਂ ਸਨ ਜਾ ਸਕਦੇ। ਸਰਕਾਰ ਸਮਝਦੀ ਸੀ ਕਿ ਕੂਕੇ ਜਦੋਂ ਆਪਣੇ ਗੁਰਦੁਆਰੇ ਭੈਣੀ ਸਾਹਿਬ ਆ ਕੇ, ਗੁਰੂ ਹਰੀ ਸਿੰਘ ਦਾ ਦਰਸ਼ਨ ਕਰਦੇ ਹਨ ਤਾਂ ਉਹ ਨਵੀਂ ਊਰਜਾ ਪ੍ਰਾਪਤ ਕਰਕੇ, ਮੁੜ ਸਰਕਾਰ ਵਿਰੋਧੀ ਕਾਰਵਾਈਆਂ, ਬਰਤਾਨਵੀ ਸਤਾ ਦਾ ਤਖਤਾ ਪਲਟ ਕਰਨ ਲਈ ਗੋਂਦਾਂ ਗੁੰਦਣ ਵਿਚ ਜੁੱਟ ਜਾਂਦੇ ਹਨ। ਇਸ ਲਈ ਨਾਂ ਜਿਆਦਾ ਕੂਕੇ ਭੈਣੀ ਸਾਹਿਬ ਆ ਸਕਣ ਅਤੇ ਨਾ ਗੁਰੂ ਹਰੀ ਸਿੰਘ ਖੁੱਲਮ-ਖੁੱਲ੍ਹਾ ਉਹਨਾਂ ਦੇ ਪਿੰਡਾਂ, ਸ਼ਹਿਰਾਂ ਵਿਚ ਪਰਚਾਰ ਕਰ ਸਕਣ। ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਬਿਸ਼ਨ ਸਿੰਘ ਕਾਬਲ ਵਾਲਾ, ਸੂਬਾ ਗੁਰਚਰਨ ਸਿੰਘ ਚੱਕ ਰਾਮਦਾਸ ਅਤੇ ਹੋਰ ਅਨੇਕ ਕੂਕਿਆਂ ਨੂੰ ਮੱਧ-ਏਸ਼ੀਆ ਦੇ ਰੂਸੀ ਹਾਕਮਾ ਵੱਲ ਭੇਜਿਆ ਤਾਂ ਕਿ ਰੂਸ ਦੀ ਸੈਨਿਕ ਮਦਦ ਨਾਲ ਹਿੰਦੁਸਤਾਨ ਨੂੰ ਕੂਕਿਆਂ ਅਤੇ ਹੋਰ ਦੇਸ਼ ਭਗਤ ਤਾਕਤਾਂ ਦਾ ਗੱਠ-ਜੋੜ ਬਣਾ ਕੇ,ਗੋਰਾਸ਼ਾਹੀ ਤੋਂ ਮੁਕਤ ਕੀਤਾ ਜਾਏ। ਰੰਗੂਨ ਅਤੇ ਮਰਗੋਈ ਦੇ ਬੰਦੀ ਜੀਵਨ ਸਮੇਂ,ਸਤਿਗੁਰੂ ਰਾਮ ਸਿੰਘ ਜੀ ਪਾਸ, ਗੁਰੂ ਹਰੀ ਸਿੰਘ ਜੀ ਦੇ ਨਿਰਦੇਸ਼ਾਂ ਹੇਠ, ਪੰਜਾਬ ਦੇ 96 ਕੂਕੇ ਸਿੰਘ-ਸਿੰਘਣੀਆਂ ਗੁਪਤ ਰੂਪ ਵਿਚ, ਉਥੇ ਪੁੱਜਦੇ ਰਹੇ ਅਤੇ ਇਸ ਆਸ਼ੇ ਦੇ ਪੱਤਰਾਂ ਦਾ ਆਦਾਨ-ਪਰਦਾਨ ਕਰਕੇ, ਸਤਿਗੁਰੂ ਜੀ ਤੋਂ ਗੁਰੂ ਹਰੀ ਸਿੰਘ ਜੀ ਅਤੇ ਬਿਰਹੋਂ ਵਿਛੁੰਨੀ ਨਾਮਧਾਰੀ ਸੰਗਤ ਲਈ, ਹੁਕਮਨਾਮੇ ਲੈ ਕੇ ਆਉਂਦੇ। ਇਹਨਾਂ ਹੁਕਮਨਾਮਿਆਂ ਦੇ ਉਤਾਰੇ ਕਰਵਾਕੇ, ਸਰਕਾਰੀ ਦਮਨ ਕਾਰਨ ਅਸਲ ਹੁਕਮਨਾਮੇ ਨਸ਼ਟ ਕਰਨੇ ਪੈਂਦੇ ਸਨ ਤਾਂ ਕਿ ਸਤਿਗੁਰੂ ਜੀ ਦੀ ਹੱਥ ਲਿਖਤ, ਦੁਸ਼ਮਣਾਂ ਦੇ ਹੱਥ ਨਾ ਆਏ।

ਗੁਰੂ ਹਰੀ ਸਿੰਘ ਨੂੰ 1892 ਈ: ਤੱਕ ਕੇਂਦਰੀ ਅਤੇ ਪੱਛਮੀ ਪੰਜਾਬ ਵਿਚ ਦੌਰਾ ਕਰਨ ਦੀ ਮੰਜੂਰੀ ਨਾ ਮਿਲੀ। ਸੰਨ 1892 ਈ: ਵਿਚ ਅੰਮ੍ਰਿਤਸਰ ਦਰਸ਼ਨ ਦੀਦਾਰਿਆਂ ਲਈ ਛੁੱਟੀ ਮਿਲੀ। ਦੌਰੇ ਦਾ ਸਾਰਾ ਪ੍ਰੋਗਰਾਮ ਪਹਿਲਾਂ ਤਹਿ ਹੋ ਜਾਂਦਾ ਸੀ। ਮਿਥੇ ਪ੍ਰੋਗਰਾਮ ਵਿਚ ਮਮੂਲੀ ਫੇਰ ਬਦਲ ਤੇ ਵੀ ਦੌਰਾ ਰੱਦ ਹੋ ਜਾਂਦਾ ਸੀ। ਅੰਮ੍ਰਿਤਸਰ ਜਾਂ ਮੁਕਤਸਰ ਸਾਹਿਬ ਜਿਸ ਜਗ੍ਹਾ ਵੀ ਜਾਣਾ ਹੁੰਦਾ ਛੁੱਟੀ ਮਾਘੀ ਜਾਂ ਦੀਵਾਲੀ ਲੰਘਾ ਕੇ ਦਿੱਤੀ ਜਾਂਦੀ ਤਾਂ ਕਿ ਜਿਆਦਾ ਸੰਗਤ ਨਾਲ ਆਪ ਦੀ ਭੇਟ ਨਾ ਹੋਵੇ। ਇਹਨਾਂ ਪਰਚਾਰ ਦੌਰਿਆਂ ਵਿਚ ਰਾਗੀ ਰਬਾਬੀ, ਜੱਥੇਦਾਰ, ਕੀਰਤਨੀਏ, ਪਰਚਾਰਕ ਸਿੰਘ ਭਾਰੀ ਗਿਣਤੀ ਵਿਚ ਹੁੰਦੇ। ਸੰਗਤਾਂ ਆਪ ਦੇ ਦਰਸ਼ਨਾਂ ਲਈ ਉਮਡ ਪੈਂਦੀਆਂ। ਇਸ ਤਰ੍ਹਾਂ ਦੇ ਹੀ ਇਕ ਦੌਰੇ ਸਮੇਂ ਬਾਬਾ ਕੇਸਰ ਸਿੰਘ ਮੁਹਾਵਾ ਵਾਲਿਆਂ ਦੇ ਸੇਵਕ, ਸੋਹਣ ਸਿੰਘ ਨੇ ਆਪਣੇ ਪਿੰਡ ਭਕਨਾ ਵਿਚ, ਗੁਰੂ ਜੀ ਦੇ ਚਰਨ ਪੁਆਏ। ਇਹੋ ਸੋਹਣ ਸਿੰਘ ਸ੍ਰੀ ਭੈਣੀ ਸਾਹਿਬ ਆ ਕੇ ਆਪਦੇ ਦਰਸ਼ਨ ਕਰਦੇ ਰਹੇ। ਇਹ ਬਾਅਦ ਵਿਚ ਗ਼ਦਰ ਪਾਰਟੀ ਦੇ ਬਾਨੀ ਪਰਧਾਨ ਬਣੇ ਸਨ। ਸੋ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅਰੰਭਿਆ ਕੂਕਾ ਸੰਗਰਾਮ, ਗੁਰੂ ਹਰੀ ਸਿੰਘ ਜੀ ਨੇ ਆਪਣੇ ਢੰਗ ਨਾਲ ਜ਼ਾਰੀ ਰੱਖਿਆ। ਕੂਕਿਆਂ ਅਤੇ ਮਹਾਰਾਜਾ ਦਲੀਪ ਸਿੰਘ ਜੋ ਰੂਸੀ ਸੈਨਿਕ ਮਦਦ ਲੈਣ ਲਈ ਮਾਸਕੋ ਪੁੱਜਾ ਸੀ, ਦੇ ਆਪਸੀ ਸੰਬੰਧਾਂ ਦੀ ਪੁਣ ਛਾਣ ਕਰਨ ਲਈ ਪੰਜਾਬ ਸਰਕਾਰ ਦਾ ਇੱਕ ਸਕੱਤਰ, ਗੁਰੂ ਹਰੀ ਸਿੰਘ ਜੀ ਨੂੰ ਭੈਣੀ ਸਾਹਿਬ ਆ ਕੇ ਮਿਲਿਆ। ਇਸੇ ਤਰ੍ਹਾਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਜਾਂ ਲਾਟ ਪੰਜਾਬ ਨੇ ਸ੍ਰ: ਹੀਰਾ ਸਿੰਘ ਸਢੌਰਾ ਨੂੰ 1880 ਈ: ਦੇ ਸਮੇਂ ਕਿਹਾ ਕਿ ਬੁੱਧ ਸਿੰਘ, ਸਿੰਘਾਂ ਨੂੰ ਵਿਗਾੜੀ ਜਾਂਦਾ ਹੈ। ਹੀਰਾ ਸਿੰਘ ਦਾ ਜੁਆਬ ਸੀ ਕਿ ਉਹ ਤਾਂ ਵਿਗੜਿਆਂ ਨੂੰ ਸੁਧਾਰਨ ਵਾਲੇ ਹਨ। ਲਾਟ ਪੰਜਾਬ ਨੇ ਲੁਧਿਆਣੇ ਆ ਕੇ ਗੁਰੂ ਜੀ ਨੂੰ ਸੱਦ ਭੇਜਿਆ। ਲੋਕਾਂ ਵਿਚ ਅਫਵਾਹ ਫੈਲ ਗਈ ਕਿ ਗੁਰੂ ਜੀ ਨੂੰ ਵੀ ਜਲਾ ਵਤਨ ਕਰ ਦੇਣਗੇ। ਆਪ ਦਾ ਦਰਸ਼ਨ ਪਰਸਨ ਕਰਕੇ ਲਾਟ ਵਾਪਸ ਮੁੜ ਗਿਆ।

1899 ਈ: ਮੁਤਾਬਿਕ 1956 ਬਿਕਰਮੀ ਦੇ ਭਿਆਨਕ ਅਕਾਲ ਸਮੇਂ, ਬਾਗੜ ਦੇਸ਼ ਦੇ ਹਜ਼ਾਰਾਂ ਕਾਲ ਪੀੜਿਤਾਂ ਨੇ, ਮਹੀਨਿਆਂ ਬੱਧੀ ਆਪ ਜੀ ਦੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ ਅਤੇ ਪਸ਼ੂਆਂ ਲਈ ਵੀ ਤੂੜੀ ਦਾਣਾ ਪ੍ਰਾਪਤ ਕੀਤਾ। ਪੰਜਾਬ ਸਰਕਾਰ ਨੇ ਕਿਸੇ ਵੀ ਨਵੀਂ ਆਬਾਦ ਬਾਰ ਵਿਚੋਂ ਆਪ ਜੀ ਨੂੰ 100 ਮੁਰੱਬੇ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ। ਆਪ ਦਾ ਜੁਆਬ ਸੀ ਅਸੀਂ 100 ਮੁੱਰਬੇ ਲੈ ਕੇ ਮੰਨ ਲਈਏ ਕਿ ਬਾਕੀ ਦੇਸ ਤੁਹਾਡਾ ਹੈ। ਜਦੋਂ ਲਵਾਂਗੇ ਸਾਰਾ ਦੇਸ਼ ਲਵਾਂਗੇ। ਇਕ ਵੇਰ ਗੁਰੂ ਹਰੀ ਸਿੰਘ ਜੀ ਨੇ ਪੰਜਾਬ ਸਰਕਾਰ ਨੂੰ ਅਰਜ਼ੀ ਪਾਈ ਕਿ ਸਾਨੂੰ ਬਿਨਾਂ ਦੋਸ਼ ਤੋਂ ਕਿਉਂ ਗਰਾਂ ਵਿਚ ਨਜ਼ਰ ਬੰਦ ਕੀਤਾ ਹੈ।

**ਬਾਕੀ ਸਫ਼ਾ 23 'ਤੇ..............**

# ਸੰਤ ਕਬੀਰ ਸਿੰਘ ਜੀ 'ਕਬੀਰ' (1900-81)

- ਗੁਰਮੁਖ ਸਿੰਘ

"ਪਿਤਾ ਕਾ ਜਨਮੁ ਕਿ ਜਾਨੈ ਪੂਤੁ" ਪਰ ਫਿਰ ਵੀ ਆਪਣੇ ਪਿਤਾ ਸੰਤ ਕਬੀਰ ਸਿੰਘ ਜੀ ਦੇ ਜੀਵਨ ਸੰਬੰਧੀ ਕੁਛ ਜਾਣਕਾਰੀ ਦੇਣ ਦਾ ਜਤਨ ਕਰ ਰਿਹਾ ਹਾਂ। ਸੰਤਾਂ ਦੇ ਨਾਨੀ ਜੀ ਦੇ ਦਰਸ਼ਨ ਅਸੀਂ ਕੀਤੇ ਹਨ। ਸੰਨ 1942 ਵਿਚ 125 ਵਰ੍ਹਿਆਂ ਦੀ ਉਮਰ ਵਿਚ ਉਹ ਚੜ੍ਹਾਈ ਕਰ ਗਏ ਸਨ। ਉਹ ਦਸਦੇ ਸਨ ਕਿ ਪ੍ਰਦੇਸ ਗਵਨ ਕਰਨ ਤੋਂ ਪਹਿਲੋਂ ਉਹਨਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ ਅਤੇ ਬਚਨ ਕਰਦੇ-ਕਰਦੇ ਆਪ ਜੀ ਸਤਿਗੁਰੂ ਜੀ ਦੀ ਯਾਦ ਵਿਚ ਮਸਤ ਹੋ ਜਾਇਆ ਕਰਦੇ ਸਨ। ਸੰਤ ਕਬੀਰ ਸਿੰਘ ਜੀ ਦੇ ਨਾਨਕੇ ਪਿੰਡ ਵਣੀਏ ਕੀ ਜਿਲ੍ਹਾ ਅੰਮ੍ਰਿਤਸਰ ਵਿਚ ਸਨ। ਅੰਗਰੇਜ਼ਾਂ ਵੱਲੋਂ ਨਾਮਧਾਰੀਆਂ ਤੇ ਪਾਬੰਧੀ ਨਰਮ ਹੋਣ ਤੇ ਜਦੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਾਝੇ ਦੀ ਸਿੱਖੀ ਨੂੰ ਹਰਿਆ-ਭਰਿਆ ਕਰਨ ਲਈ ਦੌਰਾ ਕਰਦੇ-ਕਰਦੇ ਵਣੀਏ ਕੀ ਪਾਸੋਂ ਲੰਘਣ ਲੱਗੇ ਤਾਂ ਸੰਤਾਂ ਦੇ ਨਾਨਾ ਜੀ, ਬਾਬਾ ਗੰਡਾ ਸਿੰਘ ਜੀ ਨੇ ਅੱਗੋਂ ਘੋੜੇ ਦੀਆਂ ਵਾਗਾਂ ਫੜ ਲਈਆਂ ਅਤੇ ਘਰ ਚਰਨ ਪਾਉਣ ਲਈ ਅਰਜ਼ ਕੀਤੀ। ਸ੍ਰੀ ਸਤਿਗੁਰੂ ਜੀ ਨੇ ਦੇਖ ਕੇ ਹੁਕਮ ਕੀਤਾ ਕਿ ਅਸੀਂ ਚਾਦਰੇ ਬੰਨ੍ਹਣ ਵਾਲਿਆਂ ਦੇ ਘਰ ਚਰਨ ਨਹੀਂ ਪਾਉਣੇ ਤਾਂ ਝੱਟ ਬਾਬਾ ਗੰਡਾ ਸਿੰਘ ਜੀ ਨੇ ਚਾਦਰਾ ਲਾਹ ਕੇ ਮੋਢੇ ਤੇ ਸੁੱਟਦਿਆਂ ਹੋਇਆਂ ਅਰਜ਼ ਕੀਤੀ ਕਿ ਅਸੀਂ ਤਾਂ ਕਛਹਰਿਆਂ ਵਾਲੇ ਸਿੱਖ ਹਾਂ। ਸ੍ਰੀ ਸਤਿਗੂਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਘਰ ਦਰਸ਼ਨ ਦਿੱਤੇ। ਸ੍ਰੀ ਆਦਿ ਗ੍ਰੰਥ ਦਾ ਪਾਠ ਹੋਇਆ ਅਤੇ ਤਿੰਨ ਦਿਨ ਸਾਧ-ਸੰਗਤ ਦਾ ਮੇਲਾ ਬਣਿਆ ਰਿਹਾ। ਉਸ ਪਰਿਵਾਰ 'ਚੋਂ ਪਿਛੋਂ ਸੂਬਾ ਹਰਦਿਤ ਸਿੰਘ ਜੀ, ਲਾਹੌਰ ਦੇ ਸੂਬੇ ਹੋਏ ਜਿਨ੍ਹਾਂ ਉੱਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬੜੀ ਬਖਸ਼ਿਸ਼ ਰਹੀ ਹੈ। ਸੰਤ ਕਬੀਰ ਸਿੰਘ ਜੀ ਦੇ ਪਿਤਾ ਸੰਤ ਨਿਹਾਲ ਸਿੰਘ ਜੀ ਦੀ ਪਹਿਲੀ ਪਤਨੀ ਇਕ ਪੁੱਤਰੀ ਛੱਡਕੇ ਚਲਾਣਾ ਕਰ ਗਏ ਸੀ, ਪੁੱਤਰੀ ਜਿਸਦਾ ਨਾਮ ਬੀਬੀ ਧੰਨੀ ਸੀ, ਸੰਨ 1942 ਵਿਚ ਉਹਨਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕਰਕੇ ਸ੍ਰੀ ਅੰਮ੍ਰਿਤਸਰ ਵਿਚ ਵਿਸਾਖੀ ਦਾ ਮੇਲਾ ਕਰਵਾਇਆ ਸੀ। ਇਹ ਬੀਬੀ ਧੰਨੀ ਜੀ ਦਾ ਆਖਰੀ ਮੇਲਾ ਸੀ, ਸੰਨ 1943 ਵਿਚ ਉਹ ਗੁਰਪੁਰੀ ਸਿਧਾਰ ਗਏ ਸਨ।

ਸੰਤਾਂ ਦੇ ਪਿਤਾ ਨਿਹਾਲ ਸਿੰਘ ਜੀ ਦਾ ਜਦੋਂ ਦੂਸਰਾ ਆਨੰਦ ਹੋਣਾ ਸੀ ਤਾਂ ਨਾਮਧਾਰੀ ਪੰਥ ਉੱਤੇ ਹਾਲੀ ਕਾਫੀ ਪਾਬੰਧੀਆਂ ਸਨ। ਕੋਈ ਵੀ ਸਮਾਗਮ ਘਰ ਵਿਚ ਕਰਨਾ ਹੁੰਦਾ ਸੀ ਤਾਂ ਡਿਪਟੀ ਕਮਿਸ਼ਨਰ ਪਾਸੋਂ ਆਗਿਆ ਲੈਣੀ ਪੈਂਦੀ ਸੀ, ਸੋ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਪਾਸੋਂ ਆਨੰਦ ਕਾਰਜ ਕਰਨ ਲਈ ਮੰਜ਼ੂਰੀ ਲਈ ਗਈ। ਵਿਆਹ ਤੋਂ ਪਹਿਲਾਂ ਹੀ ਸੰਤਾਂ ਦੇ ਮਾਮਿਆਂ ਨੂੰ ਪਤਾ ਲੱਗਿਆ ਕਿ ਵਿਆਹ ਵਾਲੇ ਮੁੰਡੇ ਦਾ ਪਤਾ ਨਹੀਂ ਲੱਗਦਾ ਕਿ ਕਿਥੇ ਚਲਾ ਗਿਆ ਹੈ। ਸੋ ਸਭ ਸੰਬੰਧੀਆਂ ਨੂੰ ਬਹੁਤ ਚਿੰਤਾ ਹੋਈ। ਸਭ ਪਾਸੋਂ ਪਤਾ ਕਰਨ ਪਿਛੋਂ ਅਖੀਰ ਸੰਤ ਨਾਹਰ ਸਿੰਘ ਜੀ ਨਗਰ ਵਾਲਿਆਂ ਨੂੰ ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਾਸ ਭੇਜਿਆ ਗਿਆ ਕਿ ਜਾ ਕੇ ਪਤਾ ਕਰੋ। ਸੰਤ ਨਾਹਰ ਸਿੰਘ ਜੀ, ਸੰਤ ਕਬੀਰ ਸਿੰਘ ਜੀ ਦੀ ਮਾਤਾ ਦੇ ਫੁੱਫੜ ਸਨ। ਜੋ ਗੁਰੂ ਘਰ ਦੇ ਬੜੇ ਸ਼ਰਧਾਲੂ ਸਨ ਅਤੇ ਬੜੇ ਦਾਨੀ ਪੁਰਸ਼ ਸਨ। ਉਹਨਾਂ ਹੀ ਨਾਮਧਾਰੀ ਧਰਮਸ਼ਾਲਾ ਸ੍ਰੀ ਅੰਮ੍ਰਿਤਸਰ ਦੀ ਜਗ੍ਹਾ, ਸਿਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਭੇਟਾ ਕੀਤੀ ਸੀ। ਜਦੋਂ ਸੰਤ ਨਾਹਰ ਸਿੰਘ ਜੀ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਾਸ ਅਰਜ਼ ਕੀਤੀ ਕਿ ਗਰੀਬ ਨਿਵਾਜ! ਸੰਤ ਨਿਹਾਲ ਸਿੰਘ ਦਾ ਅਨੰਦ ਕਾਰਜ਼ ਰਚਿਆ ਹੋਇਆ ਹੈ ਅਤੇ ਡੀ.ਸੀ. ਪਾਸੋਂ ਮੰਜ਼ੂਰੀ ਵੀ ਲਈ ਹੋਈ ਹੈ। ਪਰ ਉਸਦਾ ਕੋਈ ਪਤਾ ਨਹੀਂ ਲੱਗਦਾ। ਸਭ ਸੰਬੰਧੀ ਬਹੁਤ ਚਿੰਤਾਤੁਰ ਹਨ। ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ, "ਨਿਹਾਲ ਸਿੰਘ ਨੇ ਤਾਂ ਸਾਨੂੰ ਦਸਿਆ ਹੀ ਨਹੀਂ। ਉਹਨੂੰ ਤਾਂ ਅਸੀਂ ਲੁਧਿਆਣੇ ਸ਼ਮਿਆਨੇ ਮੁਰੰਮਤ ਕਰਵਾਉਣ ਲਈ ਭੇਜਿਆ ਹੋਇਆ ਹੈ, ਸੋ ਇਕ ਸਰੀਰ ਤੁਸੀਂ ਇਥੋਂ ਲੈ ਜਾਓ ਅਤੇ ਲੁਧਿਆਣੇ ਵਾਲਾ ਕੰਮ ਉਸਦੇ ਸਪੁਰਦ ਕਰਕੇ ਨਿਹਾਲ ਸਿੰਘ ਨੂੰ ਨਾਲ ਲੈ ਜਾਓ।" ਘਰ ਲਿਆ ਕੇ ਅਨੰਦ ਕੀਤਾ। ਸੰਤ ਨਿਹਾਲ ਸਿੰਘ ਅਜਿਹੇ ਸ਼ਰਧਾਲੂ ਸੇਵਕੀ ਸੁਭਾਅ ਵਾਲੇ ਸਨ, ਜਿੰਨ੍ਹਾਂ ਆਪਣੇ ਘਰ ਬਾਰੇ ਕਦੇ ਸੋਚਿਆ ਹੀ ਨਹੀਂ ਸੀ। ਇਸਦੇ ਨਾਲ ਹੀ ਕਿਰਤ ਵੀ ਸੁੱਚੀ ਕਰਦੇ ਸਨ। ਆਪਣੇ ਵਕਤ ਦੇ ਚੰਗੇ ਕਾਰੀਗਰਾਂ ਵਿਚੋਂ ਸਨ ਅਤੇ ਕਈ ਸ਼ਾਗਿਰਦ ਉਹਨਾਂ ਤੋਂ ਕੰਮ ਸਿੱਖਦੇ ਸਨ। ਸੂਬਾ ਸਿੰਧ ਵਿਚ ਇਕ ਕਾਰਖਾਨਾ ਲਾਉਣ ਲਈ ਜਦੋਂ ਉਹ ਸਿੰਧ ਗਏ ਹੋਏ ਸਨ ਤਾਂ ਉਥੇ ਹੀ ਪੁਰਾਣੇ ਸੱਖਰ ਸ਼ਹਿਰ ਵਿਚ ਸੰਨ 1900 ਵਿਚ ਮਾਤਾ ਰਾਮ ਕੌਰ ਦੀ ਕੁਖੋਂ ਸੰਤ ਕਬੀਰ ਜੀ ਦਾ ਜਨਮ ਹੋਇਆ। ਪਰ ਸਤਿਗੁਰੂ ਜੀ ਦੀ ਰਜਾ ਅਨੁਸਾਰ ਕਿਰਪਾਲੂ ਪਿਤਾ ਦਾ ਹੱਥ ਦੋ ਸਾਲਾਂ ਬਾਅਦ ਹੀ ਸਿਰ ਤੋਂ ਉੱਠ ਗਿਆ। ਕੁਝ ਸਮੇਂ ਪਿਛੋਂ ਸੰਤਾਂ ਦੀ ਮਾਤਾ ਰਾਮ ਕੌਰ ਨੂੰ ਮਿਸਤ੍ਰੀ ਜੁਆਲਾ ਸਿੰਘ ਜੀ ਸਿਅਲਕੋਟੀਏ,

ਜੋ ਵਾਧਾਓ ਵਾਲੀ ਗਲੀ ਸ੍ਰੀ ਅੰਮ੍ਰਿਤਸਰ ਵਿਚ ਰਹਿੰਦੇ ਸਨ ਘਰ ਬਿਠਾ ਦਿੱਤਾ ਗਿਆ ਅਤੇ ਸੰਤ ਕਬੀਰ ਜੀ ਦਾ ਪਾਲਨ-ਪੋਸ਼ਨ ਇਕ ਵੱਖਰੇ ਮਾਹੌਲ ਵਿਚ ਹੋਣ ਲੱਗਾ।

ਸੰਨ 1919 ਵਿਚ ਸੰਤਾਂ ਦਾ ਅਨੰਦ ਕਾਰਜ਼ ਬੀਬੀ ਬਿਸੋ ਨਾਲ ਪਿੰਡ ਮਨਾਵਾਂ ਜ਼ਿਲ੍ਹਾ ਲਾਹੌਰ ਵਿਚ ਬ੍ਰਾਹਮਣ ਰੀਤੀ ਨਾਲ ਵੇਦੀ ਦੁਆਲੇ ਹੋਇਆ ਤੇ ਆਪਣੀ ਪਤਨੀ ਬਿਸੋ ਦਾ ਨਾਮ ਆਨੰਦ ਕਾਰਜ਼ ਤੋਂ ਬਾਅਦ ਆਗਿਆ ਕੌਰ ਰੱਖਿਆ, ਜਿੰਨ੍ਹਾਂ ਸਾਰਾ ਜੀਵਨ ਸੰਤਾਂ ਦੀ ਆਗਿਆ ਵਿਚ ਹੀ ਬਤੀਤ ਕੀਤਾ ਅਤੇ 29 ਦਸੰਬਰ 1942 ਵਿਚ ਸੁੰਦਰ ਨਗਰ, ਸੁਕੇਤ ਮੰਡੀ ਰਿਆਸਤ ਵਿਚ ਲੰਮੀ ਬਿਮਾਰੀ ਕਾਰਣ ਚਲਾਣਾ ਕਰ ਗਏ। ਏਨੇ ਸਾਲਾਂ ਬਾਅਦ ਵੀ ਜਿੰਨ੍ਹਾਂ ਦਾ ਸੰਤਾਂ ਨਾਲ ਗੂੜ੍ਹਾ ਸੰਬੰਧ ਰਿਹਾ ਹੈ, ਬਹੁਤ ਯਾਦ ਕਰਦੇ ਹਨ। ਉਦਾਹਰਣ ਵਜੋਂ ਵਿਆਹ ਤੋਂ ਪਿਛੋਂ ਅਕਾਲੀ ਲਹਿਰ ਚੱਲੀ ਤਾਂ ਸੰਤ ਕਬੀਰ ਸਿੰਘ ਹੁਰਾਂ ਨੀਲੀ ਦਸਤਾਰ ਸਜਾ, ਮਖਮਲ ਦੇ ਨੀਲੇ ਗਾਤਰੇ ਵਾਲੀ ਕ੍ਰਿਪਾਨ ਵੀ ਗਲ ਵਿਚ ਪਾਈ ਅਤੇ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿਸਾ ਲਿਆ। ਮਾਤਾ ਜੀ ਹਰ ਹਾਲ ਵਿਚ ਸੰਤਾਂ ਦੇ ਹੁਕਮ ਵਿਚ ਚੱਲਦੇ ਰਹੇ।ਇਹ ਸਤਰਾਂ ਲਿਖਣ ਤੋਂ ਪਹਿਲਾਂ ਜਾਣਕਾਰੀ ਇਕੱਠੀ ਕਰਨ ਲਈ ਬਹੁਤ ਸਾਰੇ ਬਜੁਰਗਾਂ ਨੂੰ ਮਿਲਿਆ ਹਾਂ ਜਿੰਨ੍ਹਾਂ ਵਿਚ ਸੂਬਾ ਹਰਦਿਤ ਸਿੰਘ ਦੇ ਛੋਟੇ ਭਾਈ ਮਾਸਟਰ ਮੰਗਲ ਸਿੰਘ ਜੀ ਲੁਧਿਆਣਾ, ਸ੍ਰ ਤੇਜਾ ਸਿੰਘ ਜੀ ਦਿੱਲੀ ਜੋ (ਸੰਤ ਕਬੀਰ ਸਿੰਘ ਜੀ ਦੇ ਮਾਮੇ ਦੇ ਪੁੱਤਰ ਹਨ) ਉਹਨਾਂ ਦਸਿਆ ਕਿ ਨਾਮਧਾਰੀ ਬਣਨ ਤੋਂ ਪਹਿਲਾਂ ਸੰਤ ਜੀ ਮਾਸ ਵੀ ਖਾ ਲੈਂਦੇ ਸਨ। ਸੰਤਾਂ ਨੇ ਇਕ ਵਾਰੀ ਤੇਜਾ ਸਿੰਘ, ਮੰਗਲ ਸਿੰਘ ਹੁਰਾਂ ਨੂੰ ਆਪਣੇ ਘਰ ਕਾਲਾ ਬਾਗ ਲਾਹੌਰ ਜਿਥੇ ਉਹ ਕਿਰਾਏ ਦੇ ਮਕਾਨ ਵਿਚ ਰਹਿੰਦੇ ਸਨ, ਪਰਸ਼ਾਦਾ ਆਦਿ ਛਕਾਉਣ ਲਈ ਬੁਲਾਇਆ ਤਾਂ ਉਹਨਾਂ ਸੂਰ ਦਾ ਮਾਸ ਬਣਾਇਆ ਤੇ ਨਾਲ ਮੈਦੇ ਦੇ ਪਰੌਂਠੇ ਬਣਾ ਕੇ ਛਕਾਏ। ਦੂਸਰਾ ਸਾਡੇ ਵੱਡੇ ਮਾਮਾ ਜੀ ਨੇ ਦੱਸਿਆ ਕਿ- ਮੇਰੇ ਵਿਆਹ ਤੋਂ ਪਿਛੋਂ ਘਰ ਆ ਕੇ ਬਕਰਾ ਝਟਕਾਉਣਾ ਸੀ। ਸੰਤਾਂ ਨੇ ਕਿਹਾ ਕਿ ਮੈਂ ਝਟਕਾਵਾਂਗਾ। ਪਰ ਬੱਕਰੇ ਵੱਲ ਵੇਖਿਆ ਤਾਂ ਪਤਾ ਨਹੀਂ ਕੀ ਹੋਇਆ, ਸੰਤਾਂ ਨੂੰ ਕੰਬਣੀ ਛਿੜ ਪਈ। ਕ੍ਰਿਪਾਣ ਪਰੇ ਰੱਖ ਦਿੱਤੀ  ਤੇ ਕਹਿਣ ਲੱਗੇ ਇਹ ਕੰਮ ਮੇਰੇ ਪਾਸੋਂ ਨਹੀਂ ਹੋਣਾ। ਉਸ ਦਿਨ ਸੰਤਾਂ ਕੁਝ ਨਹੀਂ ਛਕਿਆ। ਸਾਡੇ ਮਾਤਾ ਜੀ ਭਾਂਵੇ ਮਾਸ ਨਹੀਂ ਖਾਂਦੇ ਸਨ, ਪਰ ਪਤੀ ਦੀ ਆਗਿਆ ਵਿਚ ਰਹਿ ਕੇ ਜੋ ਹੁਕਮ ਹੁੰਦਾ, ਉਹ ਸਿਰ ਮੱਥੇ ਨਿਭਾਈ ਜਾਂਦੇ ਤੇ ਅੰਦਰੋਂ ਅਰਦਾਸ ਕਰਦੇ ਰਹਿੰਦੇ।

ਸੰਤਾਂ ਦਾ ਨਾਮਧਾਰੀ ਬਨਣਾ- ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ। ਬਾਬਾ ਸੱਦਾ ਸਿੰਘ ਨੇ ਬੜੀ ਘਾਲਣਾ ਘਾਲ ਕੇ "ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰੁ ਪਹਿ ਜਾਈ" ਦੇ ਮਹਾਵਾਕ ਅਨੁਸਾਰ ਦੋ ਜਹਾਨ ਦੇ ਵਾਲੀ ਦੇ ਰੰਗੂਨ ਜਾ ਕੇ ਦਰਸ਼ਨ ਕੀਤੇ ਅਤੇ ਹੁਕਮਨਾਮੇ ਲਿਆ ਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਭੇਟਾ ਕੀਤੇ ਸਨ। ਉਹਨਾਂ ਦੇ ਸਪੁੱਤਰ ਸੰਤ ਖੜਕ ਸਿੰਘ ਜੀ ਜੋ ਸੰਤ ਕਬੀਰ ਸਿੰਘ ਜੀ ਦੇ ਹਾਣੀ ਹੋਣ ਕਰਕੇ ਸੰਗੀ ਸਾਥੀ ਸਨ, ਦੀ ਪ੍ਰੇਰਣਾ ਨਾਲ ਵਲਟੋਹੇ ਹੋਲੇ ਤੇ ਗਏ ਅਤੇ ਪਹਿਲੀ ਵਾਰ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕੀਤੇ। ਪੂਰਬਲਾ ਕਰਮ ਜਾਗਿਆ ਤੇ ਸੰਤ ਨੱਥਾ ਸਿੰਘ ਜੀ ਪਤੰਗ ਹੁਰਾਂ ਪਾਸੋਂ ਨਾਮ ਦੀ ਦਾਤ ਲਈ ਤੇ ਕਾਇਆ ਪਲਟ ਗਈ। ਨਾਮਧਾਰੀ ਇਤਿਹਾਸ ਸੁਣਿਆ ਪੜ੍ਹਿਆ ਤਾਂ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤਾਂ ਭਾਰਤ ਨੂੰ ਆਜ਼ਾਦ ਕਰਵਾਉਣ ਖਾਤਰ ਜਲਾਵਰਤਨ ਹੋ ਗਏ ਹਨ। ਅਸੀਂ ਬਦੇਸ਼ੀ ਸਰਕਾਰ ਦੀ ਗੁਲਾਮੀ ਕਬੂਲ ਕੀਤੀ ਹੋਈ ਹੈ। ਸੋ ਰੇਲਵੇ ਦੀ ਨੌਕਰੀ ਛੱਡ ਦਿੱਤੀ। ਬਦੇਸ਼ੀ ਕੱਪੜੇ ਪਾਉਣੇ ਛੱਡ ਦਿੱਤੇ ਅਤੇ ਖੱਦਰ ਦੇ ਸਫੈਦ ਬਸਤਰ ਧਾਰਨ ਕਰਨੇ ਸ਼ੁਰੂ ਕੀਤੇ। ਸਾਡੇ ਮਾਤਾ ਜੀ ਵੀ ਪਤੀ ਦੇ ਹੁਕਮ ਵਿਚ ਉਸੇ ਰੰਗ ਵਿਚ ਹੀ ਰੰਗੇ ਗਏ।

ਸੰਨ 1933 ਈ. ਵਿਚ ਸੰਤ ਕਬੀਰ ਜੀ ਸੂਬਾ ਸਿੰਧ ਵਿਚ ਰੋਹੜੀ ਚਲੇ ਗਏ ਅਤੇ ਸੇਠਾਂ ਪਾਸ ਕੰਮ ਕਰਦੇ ਰਹੇ। ਸਖਰ ਸ਼ਹਿਰ ਵਿਚ ਕਾਫੀ ਨਾਮਧਾਰੀ ਸਰੀਰ ਰਹਿੰਦੇ ਸਨ, ਜਿੰਨ੍ਹਾਂ ਨਾਲ ਸੰਗਤ ਕਰਕੇ ਸੌ ਸਾਖੀ, ਗੁਰਿੰਡਨਾਮਾ, ਭਾਈ ਬਾਲੇ ਦੀ ਜਨਮ ਸਾਖੀ ਅਤੇ ਹੋਰ ਗ੍ਰੰਥਾਂ ਸੰਬੰਧੀ ਵਿਚਾਰ ਕਰਦੇ ਰਹੇ।ਸੰਨ 1937 ਵਿਚ ਅੰਮ੍ਰਿਤਸਰ ਆ ਕੇ ਆਪਣੇ ਚਾਚੇ ਤਾਏ ਦੇ ਪੁੱਤਰਾਂ ਨਾਲ ਰਲ ਕੇ ਖਜਾਨੇ ਵਾਲੇ ਦਰਵਾਜੇ ਬਰਫਖਾਨਾ ਲਾਇਆ। ਇਕ ਸਾਲ ਚਲਾ ਕੇ, ਕੰਮ-ਕਾਰ ਭਾਈਵਾਲਾਂ ਨੂੰ ਸੰਭਾਲ ਕੇ ਮੁੜ ਸਿੰਧ ਚਲੇ ਗਏ, ਉਥੇ ਸੇਠਾਂ ਦਾ ਕੰਮ ਨਹੀਂ ਚੱਲਦਾ ਸੀ ਅਤੇ ਉਹ ਆਪ ਲੈਣ ਲਈ ਆ ਗਏ ਸਨ। ਸੰਨ1941 ਤੱਕ ਖੈਰਪੁਰ ਵਿਚ ਸੇਠਾਂ ਦੀ ਫੈਕਟਰੀ ਚਲਾਉਂਦੇ ਰਹੇ। ਪਰ ਮਨ ਵਿਚ ਸੌ ਸਾਖੀ, ਤੇ ਗੁਰਿੰਡਨਾਮੇ ਦੇ ਭਵਿੱਖਤ ਵਾਕ ਵੱਸ ਚੁਕੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਲੋਚਾ ਪ੍ਰਬਲ ਹੋ ਉੱਠੀ ਸੀ। ਦੂਸਰਾ ਮਹਾਯੁੱਧ ਸ਼ੁਰੂ ਹੋ ਚੁਕਾ ਸੀ ਤੇ ਆਸਾਰ ਬਣ ਰਹੇ ਸਨ। (ਕਾਬਲ ਦੀ ਧਰਤੀ ਵਿਖੇ ਦਗੇ ਤੋਪ ਜਬ ਆਣ। ਤਬ ਨਿਹਚੈ ਕਰ ਜਾਣਿਓ ਪਹੁੰਚੇ ਹੇ ਹਮ ਆਣ) ਤਾਂ ਸੰਤਾਂ ਦੀ ਰਸਨਾ ਤੇ ਇਹੋ ਧਾਰਨਾ ਹੁੰਦੀ ਸੀ। ਸਤਿਗੁਰੂ ਮਿਲਣੇ ਵਾਲੀ ਹੁਣ ਰੁੱਤ ਆ ਗਈ ਹੈ, ਸੇਠਾਂ ਦੀ ਨੌਕਰੀ ਛੱਡ ਕੇ ਅੰਮ੍ਰਿਤਸਰ ਆ ਗਏ। ਬਰਫਖਾਨੇ ਵਿਚੋਂ ਆਪਣਾ ਹਿੱਸਾ ਲਿਆ, ਘਰ ਦਾ ਫਾਲਤੂ ਸਾਮਾਨ ਵੇਚ ਦਿੱਤਾ ਅਤੇ ਸਤਿਗੁਰੂ ਜੀ ਦੇ ਹੁਕਮ ਦੀ ਉਡੀਕ ਕਰਨ ਲੱਗੇ।ਸੰਨ 1942 ਦੀ ਵਿਸਾਖੀ ਤੇ ਸ੍ਰੀ ਸਤਿਗੁਰੂ ਜੀ ਨੇ ਬਚਨ

ਕੀਤਾ, ਭਾਈ ਸਮਾਂ ਬਹੁਤ ਭਿਆਨਕ ਆ ਰਿਹਾ ਹੈ। ਭਲਾ ਇਸ ਵਿਚ ਹੈ ਕਿ ਨਾਮਧਾਰੀ ਸਰੀਰ ਰਵਾਲਸਰ ਦੇ ਆਸੇ ਪਾਸੇ ਮੰਡੀ ਸੁਕੇਤ ਚਲੇ ਜਾਣ, ਭਜਨ ਬੰਦਗੀ ਕਰਨ, ਕਿਉਂਕਿ ਹੁਕਮ ਹੈ- ਬਚੇਗਾ ਸੋ ਜੋ ਚੜ੍ਹੇਗਾ ਪਹਾੜ। ਕਬੀਰ ਜੀ ਨੇ ਹੁਕਮ ਸੁਣ ਕੇ ਸਾਡੀ ਪੜ੍ਹਾਈ ਬੰਦ ਕਰਾ ਦਿੱਤੀ। ਆਪਣੇ ਸਾਥੀ ਸੰਤ ਖੜਕ ਸਿੰਘ ਨੂੰ ਨਾਲ ਲੈ ਕੇ ਦੋਵੇਂ ਮਿੱਤਰ ਲੋੜ ਅਨੁਸਾਰ ਸਮਾਨ ਲੈ ਕੇ ਆਪਣੇ-ਆਪਣੇ ਪਰਿਵਾਰਾਂ ਸਮੇਤ 15 ਮਈ 1942 ਦੀ ਸ਼ਾਮ ਨੂੰ ਪਠਾਨਕੋਟ ਦੀ ਗੱਡੀ ਬੈਠ ਕੇ ਸੁਕੇਤ ਲਈ ਚੱਲ ਪਏ। ਸੁਕੇਤ ਪੁੱਜੇ ਤਾਂ ਦੂਜੇ ਦਿਨ ਸ੍ਰੀ ਸਤਿਗੁਰੂ ਜੀ ਸੁਕੇਤ ਰਿਆਸਤ ਦਰਸ਼ਨ ਦਿੱਤੇ। ਇਹਨਾਂ ਦਿਨਾਂ ਵਿਚ ਸੁਕੇਤ ਰਿਆਸਤ ਸੀ ਅਤੇ ਤਿੰਨ ਦਿਨ ਤੋਂ ਵੱਧ ਕਿਸੇ ਬਾਹਰ ਦੇ ਆਦਮੀ ਨੂੰ ਰਹਿਣ ਦੀ ਇਜ਼ਾਜ਼ਤ ਨਹੀਂ ਸੀ। ਸ੍ਰੀ ਸਤਿਗੁਰੂ ਜੀ ਨੇ ਆਪਣੀ ਜਮਾਨਤ ਤੇ ਦੋਹਾਂ ਪਰਿਵਾਰਾਂ ਨੂੰ ਉਥੇ ਰਹਿਣ ਦੀ ਆਗਿਆ ਲੈ ਕੇ ਦਿੱਤੀ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀਵਾਨ ਵਿਚ ਫੁਰਮਾਇਆ, "ਮੈਂ ਪਿਛਲੀ ਵਾਰ ਦੀਵਾਨ ਵਿਚ ਆਇਆ ਸਾਂ, ਤਾਂ ਬਹੁਤ ਸਾਰੇ ਟੇਢੀਆਂ ਪੱਗਾਂ ਵਾਲੇ ਸਰੀਰ ਸਨ, ਉਹਨਾਂ ਸਭਨਾਂ ਨੇ ਹੁਣ ਸਿੱਧੀਆਂ ਪੱਗਾਂ ਕਰ ਲਈਆਂ ਹਨ। ਐਤਕੀਂ ਆਇਆਂ ਹਾਂ ਤਾਂ ਇਹ ਜੋੜੀ ਹੀ ਟੇਢੀ ਪੱਗ ਵਾਲੀ ਦਿਸਦੀ ਹੈ।" (ਸੰਤ ਕਬੀਰ ਸਿੰਘ ਜੀ ਤੇ ਖੜਕ ਸਿੰਘ ਜੀ ਵੱਲ ਇਸ਼ਾਰਾ ਕਰਕੇ) ਸੰਤ ਕਬੀਰ ਜੀ ਨੇ ਤਾਂ ਉਸੇ ਵੇਲੇ ਦਸਤਾਰ ਸਿੱਧੀ ਕਰ ਲਈ। ਸੁਕੇਤ ਵਿਚ ਰਹਿੰਦਿਆਂ ਸੰਤਾਂ ਨੂੰ ਬਹੁਤ ਮੁਸ਼ਕਿਲਾਂ ਆਈਆਂ, ਜਿਵੇਂ ਕਿ 29 ਦਿਸੰਬਰ 1942 ਈ: ਵਿਚ ਆਗਿਆਕਾਰੀ ਪਤਨੀ ਦਾ ਚਲਾਣਾ ਕਰ ਜਾਣਾ, ਸੰਨ 1945 ਈ: ਵਿਚ ਵੱਡੇ ਲੜਕੇ ਸੁਰਜੀਤ ਸਿੰਘ ਦਾ ਭਰ ਜਵਾਨੀ ਵਿਚ ਸਵਰਗਵਾਸ ਹੋਣਾ, ਘਰ ਵਿਚ ਬਿਮਾਰੀ ਤੇ ਬੇਕਾਰੀ, ਜਿਸ ਨਾਲ ਵਾਪਰਨ ਉਸੇ ਨੂੰ ਹੀ ਪਤਾ ਹੁੰਦਾ ਹੈ। ਪਰ ਸਤਿਗੁਰੂ ਜਿਸਦੇ ਮਨ ਵਿਚ ਵਸਦਾ ਹੋਵੇ, ਉਸਨੂੰ ਇਹ ਦੁੱਖ ਮਹਿਸੂਸ ਹੀ ਨਹੀਂ ਹੁੰਦੇ। ਇਕ ਵਾਰ ਸੰਤਾਂ ਦੇ ਮਨ ਵਿਚ ਆਇਆ, ਸਤਿਗੁਰੂ ਜੀ ਜਦੋਂ ਸੁਕੇਤ ਦਰਸ਼ਨ ਦਿੰਦੇ ਹਨ, ਰਾਤ ਨੂੰ ਗ੍ਰਹਿਸਥੀਆਂ ਦੇ ਮੰਜਿਆਂ ਤੇ ਬਿਸਰਾਮ ਕਰਦੇ ਹਨ, ਜੋ ਠੀਕ ਨਹੀਂ। ਸੰਤਾਂ ਨੇ ਬੜੇ ਸੋਹਣੇ ਪਲੰਘ ਦੇ ਪਾਵੇ ਖਰਾਦ ਕੇ ਬੜਾ ਸੋਹਣਾ ਢੋਅ ਵਾਲਾ ਪਲੰਘ ਸਤਿਗੁਰੂ ਜੀ ਲਈ ਬਣਾਇਆ ਤੇ ਗੁਰਦੁਆਰੇ ਵਿਚ ਰੱਖ ਦਿੱਤਾ। ਮੁੜਕੇ ਜਦੋਂ ਵੀ ਸਤਿਗੁਰੂ ਜੀ ਸੁਕੇਤ ਆਉਂਦੇ ਰਹੇ, ਉਸੇ ਪਲੰਘ ਤੇ ਬਿਰਾਜਦੇ ਰਹੇ।

ਇਕ ਵਾਰੀ ਸ੍ਰੀ ਸਤਿਗੁਰੂ ਜੀ ਮੰਡੀ ਆਏ ਸਨ ਤਾਂ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਵੀ ਨਾਲ ਆਏ ਸਨ। ਇੱਥੇ ਬਾਬਾ ਜੀ ਦੀ ਸਿਹਤ ਜ਼ਿਆਦਾ ਢਿੱਲੀ ਹੋ ਗਈ ਤਾਂ ਸੁਕੇਤ ਦੀਆਂ ਸੰਗਤਾਂ ਦੇ ਨਾਲ ਡਾਕਟਰ ਤਰਲੋਕ ਸਿੰਘ ਤੇ ਸੰਤ ਕਬੀਰ ਸਿੰਘ ਜੀ ਵੀ ਨਾਲ ਮੰਡੀ ਦਰਸ਼ਨ ਕਰਨ ਗਏ ਤਾਂ ਡਾਕਟਰ ਤਰਲੋਕ ਸਿੰਘ ਜੀ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਨੇ ਹੁਕਮ ਕੀਤਾ ਕਿ ਡਾਕਟਰ ਜੀ ਕਾਕੇ ਨੂੰ ਦੇਖੋ ਤੇ ਇਲਾਜ ਦੱਸੋ। ਡਾਕਟਰ ਜੀ ਨੇ ਦੇਖ ਕੇ ਦੱਸਿਆ, ਗਰੀਬ ਨਿਵਾਜ਼ ਬਾਬਾ ਜੀ ਦਾ ਸਰੀਰ ਜਕੜਿਆ ਗਿਆ ਹੈ, ਜੜੀ ਬੂਟੀਆਂ ਪਾਕੇ ਪਾਣੀ ਵਿਚ ਉਬਾਲ ਕੇ ਭਾਫ਼ ਦੇਣੀ ਪਵੇਗੀ। ਉਸ ਲਈ ਇਕ ਕੁਰਸੀ ਬਨਾਉਣੀ ਪਵੇਗੀ। ਸੰਤ ਕਬੀਰ ਸਿੰਘ ਹੁਰਾਂ ਜਿੰਨੀ ਉੱਚੀ ਤੇ ਜਿਸ ਤਰ੍ਹਾਂ ਦੀ ਡਾਕਟਰ ਜੀ ਨੇ ਦੱਸਿਆ, ਕੁਰਸੀ ਬਣਾ ਕੇ ਲਿਆ ਕੇ ਮੰਡੀ ਸਤਿਗੁਰਾਂ ਦੀ ਕੋਠੀ ਹਾਜ਼ਰ ਕੀਤੀ ਤੇ ਡਾਕਟਰ ਹੁਰਾਂ ਇਲਾਜ਼ ਕੀਤਾ। ਸਤਿਗੁਰੂ ਜੀ ਕਿਰਪਾ ਕੀਤੀ ਤੇ ਬਾਬਾ ਜੀ ਨੌਂ ਬਰ ਨੌਂ ਹੋ ਗਏ।

ਕਿਰਪਾਲੂ ਸਤਿਗੁਰੂ ਜੀ ਕਈ ਵਾਰੀ ਪੁੱਛਦੇ-ਕਬੀਰ ਜੀ ਕਿਵੇਂ ਗੁਜ਼ਰ ਰਹੀ ਹੈ ਤਾਂ ਸੰਤਾਂ ਨੇ ਹਰ ਵਾਰੀ ਸਿਦਕ ਹੀ ਮੰਗਿਆ। ਇਕ ਵਾਰੀ ਸਤਿਗੁਰੂ ਜੀ ਦੇ ਪੁੱਛਣ ਤੇ ਸੰਤਾਂ ਨੇ ਦੱਸਿਆ ਕਿ ਗਰੀਬ ਨਵਾਜ਼! ਰਾਜਾ ਸਾਹਿਬ ਕਹਿ ਰਹੇ ਹਨ ਕਿ ਮੇਰੇ ਪਾਸੋਂ ਪੈਸੇ ਲੈ ਕੇ ਆਪਣੀ ਦੁਕਾਨ ਦਾ ਕੰਮ ਵਧਾਓ ਤੇ ਮੈਨੂੰ ਵੀ ਕੁਛ ਸਮਾਨ ਬਣਾ ਕੇ ਦਿਆ ਕਰੋ। ਮੈਨੂੰ ਫਰਨੀਚਰ ਲਾਹੌਰ ਤੋਂ ਮੰਗਵਾਉਣਾ ਪੈਂਦਾ ਹੈ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ- 'ਕਬੀਰ ਜੀ ਰਾਜੇ ਪਾਸੋਂ ਪੈਸੇ ਨਹੀਂ ਲੈਣੇ। ਸਤਿਗੁਰੂ ਦਾ ਖਜ਼ਾਨਾ ਬੇਅੰਤ ਹੈ।'

ਸਰਦਾਰ ਬੂਟਾ ਸਿੰਘ ਜੀ ਜੋ ਮੰਡੀ ਦੇ ਸੂਬੇ ਸਨ, ਨੂੰ ਹੁਕਮ ਕੀਤਾ ਕਿ ਸੰਤ ਜਿੰਨੀ ਮਾਇਆ ਚਾਹੁਣ, ਦੇ ਦਿਓ। ਸੰਤਾਂ ਨੇ ਚਾਰ ਸੌ ਰੁਪਯਾ ਗੁਰੂ ਕੇ ਖਜ਼ਾਨੇ ਵਿਚੋਂ ਲਿਆ ਪਰ ਛੇਤੀ ਪਾਕਿਸਤਾਨ ਬਣਨ ਕਰਕੇ ਕੰਮ-ਕਾਰ ਚਲ ਨਾ ਸਕਿਆ। ਜਲਦੀ ਹੀ ਰਿਆਸਤਾਂ ਵੀ ਟੁੱਟ ਗਈਆਂ ਅਤੇ ਰਾਜੇ ਦਾ ਰਾਜ ਵੀ ਖਤਮ ਹੋ ਗਿਆ। ਅੰਤਰਜਾਮੀ ਸ੍ਰੀ ਸਤਿਗੁਰੂ ਜੀ ਸਭ ਕੁਝ ਜਾਣਦੇ ਸਨ, ਸੋ ਇਸੇ ਕਰਕੇ ਗੁਰੂ ਦੇ ਖਜ਼ਾਨੇ ਵਿਚੋਂ ਮਾਇਆ ਦੇਣ ਦਾ ਪ੍ਰਬੰਧ ਕਰ ਦਿੱਤਾ ਸੀ। ਸੰਤ ਕਬੀਰ ਜੀ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਖਾਤਰ ਨਾਮ ਦੀ ਖੁਮਾਰੀ ਨਾਲ ਹੀ ਝੱਟ ਲੰਘਾ ਸਕਦੇ ਸਨ ਪਰ ਬੱਚਿਆਂ ਨੂੰ ਤਾਂ ਹਰ ਚੀਜ਼ ਦੀ ਲੋੜ ਹੁੰਦੀ ਹੈ ਅਤੇ ਸੁਕੇਤ ਵਿਚ ਜਿਨ੍ਹਾਂ ਦਿਨਾਂ ਵਿਚ ਕੋਈ ਕੰਮ-ਕਾਰ ਨਹੀਂ ਸੀ, ਉਹਨਾਂ ਦਿਨਾਂ ਵਿੱਚ ਮੈਂ ਕੰਮ ਦੀ ਭਾਲ ਵਿਚ ਸੰਤ ਦਾਨ ਸਿੰਘ ਜੀ ਹੁਰਾਂ ਪਾਸ ਸੋਲ੍ਹਣ ਪੁੱਜਾ। ਉਹਨਾਂ ਨੇ ਮੇਰੀ ਬਹੁਤ ਮਦਦ ਕੀਤੀ ਅਤੇ ਕੰਮ ਦਾ ਪ੍ਰਬੰਧ ਵੀ ਕਰ ਦਿੱਤਾ। ਕੁਝ ਸਮੇਂ ਪਿਛੋਂ ਦਾਸ ਜਦੋਂ ਦੀਵਾਲੀ ਵੇਖਣ ਲਈ ਅੰਮ੍ਰਿਤਸਰ ਜਾਂਦਾ ਹੋਇਆ ਰਸਤੇ ਵਿਚ ਕਾਲਕਾ ਪੁੱਜਾ, ਜਿੱਥੇ ਸੂਬਾ ਹਰਦਿੱਤ ਸਿੰਘ ਜੀ ਲਾਹੌਰ ਵਾਲੇ ਰੇਲਵੇ ਵਰਕਸ਼ਾਪ ਵਿਚ ਕੰਮ ਕਰਦੇ ਸਨ, ਨੂੰ ਮਿਲਿਆ

ਤਾਂ ਉਹ ਕਹਿਣ ਲੱਗੇ, "ਇਸ ਵੇਲੇ ਲੋੜ ਹੈ ਵਰਕਸ਼ਾਪ ਵਿਚ ਕੰਮ ਕਰਨ ਵਾਲਿਆਂ ਦੀ, ਸੋ ਤੂੰ ਟੈਸਟ ਦੇ ਕੇ ਏਥੇ ਲੱਗ ਜਾ।" ਸੋ ਉਹਨਾਂ ਦੀ ਪ੍ਰੇਰਣਾ ਨਾਲ ਨਵੰਬਰ ਸੰਨ 1948 ਵਿਚ ਰੇਲਵੇ ਵਿਚ ਲੱਗ ਗਿਆ। ਫਿਰ ਬੜੀ ਮੁਸ਼ਕਿਲ ਨਾਲ ਅਕਤੂਬਰ 1950 ਵਿਚ ਸੰਤ ਕਬੀਰ ਜੀ ਨੂੰ ਪ੍ਰੇਰਕੇ ਸੁਕੇਤ ਤੋਂ ਲਿਆ ਕੇ ਰੇਲਵੇ ਵਿਚ ਨੌਕਰ ਕਰ ਦਿੱਤਾ। ਸੰਤ ਕੇਹਰ ਸਿੰਘ ਜੀ ਪਾਕਿਸਤਾਨ ਤੋਂ ਆ ਕੇ ਰੋਪੜ ਵਿਚ ਵੱਸੇ ਸਨ ਤੇ ਕਾਲਕਾ ਵਿਚ ਉਹਨਾਂ ਨੂੰ ਕਲੇਮ ਵਿਚ ਇਕ ਕਾਰਖਾਨਾ ਤੇ ਮਕਾਨ ਅਲਾਟ ਹੋਇਆ ਸੀ। ਉਹਨਾਂ ਰੋਪੜ ਘਰ ਅਖੰਡ ਪਾਠ ਕਰਾਇਆ ਸੀ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਦਰਸ਼ਨ ਦੇਣ ਲਈ ਅਰਜ਼ ਕੀਤੀ ਤਾਂ ਕਾਲਕਾ ਨਿਵਾਸੀ ਸੰਗਤ ਦਰਸ਼ਨ ਲਈ ਰੋਪੜ ਗਈ ਸੀ। ਸੰਤਾਂ ਨੇ ਨੌਕਰੀ ਸਮੇਂ ਆਪਣੀ ਪਹਿਲੀ ਤਨਖ਼ਾਹ ਅਕਤੂਬਰ 1950 ਦੀ ਰੋਪੜ ਜਾ ਕੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਸਮੇਂ ਚਰਨ ਭੇਟ ਕਰ ਦਿੱਤੀ ਤੇ ਫਿਰ ਅਗਲੇ ਚਾਰ ਮਹੀਨਿਆਂ ਵਿਚ ਗੁਰੂ ਦੇ ਖਜ਼ਾਨੇ ਵਿਚੋਂ ਲਈ ਮਾਇਆ, ਸਰਦਾਰ ਬੂਟਾ ਸਿੰਘ ਜੀ ਮੰਡੀ ਵਾਲਿਆਂ ਕੋਲ ਵਾਪਸ ਭੇਜੀ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਜਦੋਂ ਵੀ ਸ਼ਿਮਲੇ ਜਾਂਦੇ, ਰਸਤੇ ਵਿਚ ਕਾਲਕਾ ਸਾਨੂੰ ਦਰਸ਼ਨ ਦੇ ਕੇ ਜਾਂਦੇ।

ਜੇ ਕਰ ਅਸੀਂ ਕੰਮਾਂ ਤੇ ਗਏ ਹੁੰਦੇ ਤਾਂ ਘਰ ਬੀਬੀਆਂ ਨੂੰ ਦੱਸ ਜਾਂਦੇ ਕਿ ਅਸੀਂ ਫਲਾਣੇ ਵਕਤ ਵਾਪਸ ਆਉਣਾ ਹੈ। ਉਸ ਵਕਤ ਸਭ ਕਾਲਕਾ ਨਿਵਾਸੀ ਸੰਗਤ ਇਕੱਤਰ ਹੋ ਜਾਂਦੀ ਅਤੇ ਦਰਸ਼ਨ ਕਰਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ।

ਸੰਨ 1955 ਈ: ਵਿਚ ਜਦੋਂ ਸੰਤ ਕਬੀਰ ਸਿੰਘ ਜੀ ਜਗਾਧਰੀ ਵਰਕਸ਼ਾਪ ਬਦਲ ਕੇ ਆ ਗਏ ਤਾਂ ਵੀ ਸੰਤ ਸ੍ਰੀ ਸਤਿਗੁਰੂ ਜੀ ਦੀ ਯਾਦ ਵਿਚ ਸਮਾਂ ਬਤੀਤ ਕਰਦੇ ਰਹੇ। ਸੰਤ ਜੀ ਨੇ ਏਥੇ ਆ ਕੇ ਵੀ ਨਾਮਧਾਰੀ ਜਥੇ ਦੀ ਅਗਵਾਈ ਆਖਰ ਤੱਕ ਕੀਤੀ ਤੇ ਵਧ-ਚੜ੍ਹ ਕੇ ਸੇਵਾ ਕਰਦੇ ਰਹੇ। ਇਕ ਵਾਰ ਸਤਿਗੁਰੂ ਪਰਤਾਪ ਸਿੰਘ ਜੀ ਦਾ ਹੁਕਮ ਆਇਆ,ਕਬੀਰ ਜੀ ਅਸੀਂ ਪੁਰਾਣੀਆਂ ਦੇਗਾਂ ਭੇਜ ਰਹੇ ਹਾਂ। ਸੰਤ ਰੱਖਾ ਸਿੰਘ ਜੀ ਨੂੰ ਨਾਲ ਲੈ ਕੇ, ਨਵੀਆਂ ਬਣਵਾਕੇ, ਸ੍ਰੀ ਭੈਣੀ ਸਾਹਿਬ ਭੇਜ ਦੇਣੀਆਂ ਤਾਂ ਸੰਤਾਂ ਨੂੰ ਚਾਅ ਚੜ੍ਹ ਗਿਆ ਕਿ ਸੱਚੇ ਪਾਤਸ਼ਾਹ ਜੀ ਨੇ ਯਾਦ ਵੀ ਕੀਤਾ ਹੈ ਤੇ ਸੇਵਾ ਵੀ ਲਾਈ ਹੈ।

ਸੰਤ ਜੀ ਸ਼ਾਮ ਨੂੰ ਛੁੱਟੀ ਕਰਕੇ ਜਦੋਂ ਘਰ ਆਉਂਦੇ ਤਾਂ ਹਰ ਰੋਜ਼ ਮੁਹੱਲੇ ਦੇ ਬੱਚੇ ਆਉਂਦਿਆਂ ਹੀ ਘੇਰ ਲੈਂਦੇ ਤੇ ਕਹਿੰਦੇ ਬਾਬਾ ਜੀ ਪ੍ਰਸ਼ਾਦ ਦਿਓ। ਸੰਤ ਜੀ ਫੁੱਲਿਆਂ, ਪਤਾਸੇ ਜਾਂ ਹੋਰ ਕਿਸੇ ਵਸਤੂ ਨਾਲ ਭਰਿਆ ਝੋਲਾ ਆਪਣੇ ਪਾਸ ਰਖਦੇ ਸਨ। ਹਰ ਇਕ ਬੱਚੇ ਨੂੰ ਕਹਿੰਦੇ ਸਨ , ਕਹੋ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਬੱਚਾ ਸਤਿਗੁਰੂ ਜੀ ਨੂੰ ਧੰਨ ਕਹਿ ਕੇ ਪ੍ਰਸ਼ਾਦ ਲੈਕੇ ਚਲਦਾ ਬਣਦਾ। ਇਹ ਸਿਲਸਿਲਾ ਅਖੀਰ ਤਕ ਇੰਜ ਹੀ ਚਲਦਾ ਰਿਹਾ। ਵਰਕਸ਼ਾਪ ਵਿਚ ਵੀ ਸੰਤ ਜੀ ਲੋੜਵੰਦਾਂ ਲਈ ਚੂਰਨ ਬਣਾ ਕੇ ਥੈਲੇ ਵਿਚ ਪਾਈ ਰੱਖਦੇ। ਬਿਨਾਂ ਵਿਤਕਰੇ ਦੇ ਵੰਡੀ ਜਾਂਦੇ। ਜਦੋਂ ਵੀ ਕਿਸੇ ਸਰੀਰ ਨੇ ਮਿਲਣਾ ਤਾ ਬਚਨ ਸਤਿਗੁਰਾਂ ਦੇ ਦਰਸ਼ਨਾ ਲਈ ਜਾਂ ਭਾਣੇ ਦੇ ਹੀ ਕਰਨੇ। ਆਖਰੀ ਸਵਾਸਾਂ ਤਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾ ਦੀ ਸਿਕ ਰਹੀ। ਇਸ਼ਨਾਨ ਪਾਣੀ ਦੀ ਮਰਿਆਦਾ ਵੀ ਆਖਰ ਤਕ ਨਿਭਾਈ। ਇਸੇ ਤਰ੍ਹਾਂ ਸੰਤ ਕਬੀਰ ਸਿੰਘ ਜੀ ਨੇ ਨੇਕ ਕਮਾਈ ਕਰਕੇ, ਜਿਥੇ ਕਈ ਸਰੀਰਾਂ ਨੂੰ ਪ੍ਰਭਾਵਿਤ ਕੀਤਾ, ਨਾਮਧਾਰੀ ਪੁਣੇ ਵੱਲ ਪ੍ਰੇਰ ਕੇ ਲਗਾਇਆ, ਉਥੇ ਆਪ ਹਰ ਵਕਤ ਨਾਮ-ਸਿਮਰਨ ਹੀ ਕਰਦੇ ਰਹਿੰਦੇ। ਅੰਤ ਇਵੇਂ ਹੀ 17 ਜਨਵਰੀ ਸੰਨ 1981 ਈ: ਵਿੱਚ ਸ਼ਨੀਵਾਰ ਅੰਮ੍ਰਿਤ ਵੇਲੇ, ਢਾਈ ਵਜੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਰਾਜੇ। ਸੰਤਾਂ ਨਮਿਤ ਰੱਖੇ ਸਧਾਰਣ ਪਾਠ ਦਾ ਭੋਗ ਪਹਿਲੀ ਫਰਵਰੀ ਸੰਨ 1981 ਈ: ਨੂੰ ਲਕਸਮੀ ਗਾਰਡਨ, ਜਮਨਾ ਨਗਰ ਵਿਚ ਪਾਇਆ ਗਿਆ। ਸੰਤ ਪ੍ਰੀਤਮ ਸਿੰਘ ਜੀ ਤੇ ਸੂਬਾ ਸੇਵਾ ਸਿੰਘ ਜੀ ਨੇ ਕੀਰਤਨ ਕੀਤਾ ਤੇ ਸੰਤਾਂ ਦੇ ਜੀਵਨ ਤੇ ਚਾਨਣਾ ਪਾਇਆ ਤੇ ਹੋਰ ਪਤਵੰਤੇ ਸੱਜਣਾਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਅੰਤ ਵਿਚ ਦਾਸ ਦੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਸੰਤਾਂ ਦਾ ਘਰ ਨਾਮਧਾਰੀ ਘਰਾਣਾ ਬਣਿਆ ਰਹੇ ਤੇ ਸੰਤਾਂ ਦੇ ਪਰਿਵਾਰ ਵਿਚ ਗੁਰਸਿੱਖੀ ਕਾਇਮ ਰਹੇ।

**81, ਲਕਸ਼ਮੀ ਗਾਰਡਨ, ਜਮਨਾ ਨਗਰ**
**ਹਰਿਆਣਾ। 135001**
**ਫੋਨ ਨੰ: 01732 313554**

**ਸਤਿਜੁਗ ਆਪ ਪੜ੍ਹੋ ਅਤੇ ਬੱਚਿਆਂ ਨੂੰ ਵੀ ਪੜ੍ਹਾਓ।**



ਪੇਂਟਿੰਗ: ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿੱਖਾਂ ਸੇਵਕਾਂ, ਛੋਟੇ ਭਰਾਵਾਂ ਅਤੇ ਮਾਤਾਵਾਂ ਸਹਿਤ ਗੁਰੂਸਰ (ਗੱਦਾਂ ਡੋਬ-ਫਾਜ਼ਿਲਕਾ), ਜਾ ਰਹੇ ਅਟੱਲ ਪ੍ਰਤਾਪੀ ਜੀ ਦੀ ਜੰਝ ਦਾ ਅਲੌਕਿਕ ਦ੍ਰਿਸ਼। Painting By: R.M. Singh



19-9-2018 ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਆਰਟਿਸਟ ਸ. ਆਰ.ਐਮ.ਸਿੰਘ।



19-9-2018 ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਨਾਲ ਵਿਚਾਰ ਵਟਾਂਦਰਾ ਡਾ.ਕੁਲਦੀਪ ਸਿੰਘ, ਸੁਵਰਨ ਸਿੰਘ ਵਿਰਕ।



21-9-2018 ਸ੍ਰੀ ਭੈਣੀ ਸਾਹਿਬ: ਬੁੱਢੇ ਦਰਿਆ ਬਾਰੇ ਵਿਚਾਰ ਵਿਮਰਸ਼ ਕਰਦੇ-ਸ੍ਰੀ ਸਤਿਗੁਰੂ ਜੀ, ਸ.ਜਸਵੰਤ ਸਿੰਘ ਜ਼ਫਰ, ਸ.ਅਮਰਜੀਤ ਸਿੰਘ ਗਰੇਵਾਲ, ਸ.ਅਮਰਜੀਤ ਸਿੰਘ ਭੁਰਜੀ।



24-9-2018 ਸਤਿਲੁਜ ਦਰਿਆ ਕੰਢੇ ਪਿੰਡ ਵਲੀਪੁਰ ਖੁਰਦ ਨੇੜੇ ਵਿਚਾਰ ਵਟਾਂਦਰਾ ਕਰਦੇ ਸ੍ਰੀ ਸਤਿਗੁਰੂ ਜੀ, ਸ.ਜਸਵੰਤ ਸਿੰਘ ਜ਼ਫਰ, ਇੰਜੀ. ਸੱਤਪਾਲ ਸਿੰਘ, ਸ.ਅਮਰਜੀਤ ਸਿੰਘ ਭੁਰਜੀ।



ਜਗਜੀਤ ਮੰਦਰ, ਸ੍ਰੀ ਭੈਣੀ ਸਾਹਿਬ ਅਖੰਡ ਪਾਠਾਂ ਦਾ ਦ੍ਰਿਸ਼



16-9-2018 ਸੰਤ ਨਗਰ ਭੋਗ ਗੁਰਦੀਪ ਸਿੰਘ, ਪਾਸ ਬੈਠਾ ਉਨ੍ਹਾਂ ਦਾ ਪੁੱਤਰ ਗੰਗਾ ਸਿੰਘ।



17-9-2018 ਸ੍ਰੀ ਭੈਣੀ ਸਾਹਿਬ: ਸ੍ਰੀ ਸਤਿਗੁਰੂ ਜੀ ਨਾਲ ਦਿੱਲੀ ਦੇ ਨੌਜੁਆਨਾਂ ਦਾ ਜਥਾ।



23-9-2018 ਸ੍ਰੀ ਭੈਣੀ ਸਾਹਿਬ: ਸ੍ਰੀ ਸਤਿਗੁਰੂ ਜੀ ਨਾਲ ਦਿੱਲੀ ਦੇ ਨੌਜੁਆਨ।



ਅੰਮ੍ਰਿਤਾ ਪ੍ਰਿਯ ਬਚਨ ਤੁਹਾਰੇ॥... ਸੰਤ ਜੋਗਿੰਦਰ ਸਿੰਘ ਨਾਲ ਬਚਨ ਬਿਲਾਸ ਕਰਦੇ ਸ੍ਰੀ ਸਤਿਗੁਰੂ ਜੀ, 18-9-2018, ਸ੍ਰੀ ਭੈਣੀ ਸਾਹਿਬ ➡



⬅ ਜਸਵਿੰਦਰ ਸਿੰਘ ਗੁਲਾਟੀ- ਸ੍ਰੀ ਸਤਿਗੁਰੂ ਜੀ ਨੂੰ ਨਾਮਧਾਰੀ ਸੀਡਜ਼ ਦੀ ਸਲਾਈਡ ਸੋ ਟਾਈਪ ਫੋਟੋ ਭੇਟ ਕਰਦੇ ਹੋਏ- 23-9-2018 ਸ੍ਰੀ ਭੈਣੀ ਸਾਹਿਬ।



੧ ਅੱਸੂ ੨੦੭੫-17 ਸਤੰਬਰ ਸ੍ਰੀ ਭੈਣੀ ਸਾਹਿਬ ਬਾਗ ਵਾਲੀ ਕੋਠੀ ਵਿੱਚ ਸ੍ਰੀ ਸਤਿਗੁਰੂ ਜੀ ਦੇ ਜਪ-ਪ੍ਰਯੋਗ ਦੀ ਅਰੰਭਤਾ ਅਰਦਾਸ ਕਰਦੇ ਹੋਏ ਸੰਤ ਬਲਕਾਰ ਸਿੰਘ ਜੀ।



ਸ੍ਰੀ ਜੀਵਨ ਨਗਰ



ਅੰਮ੍ਰਿਤਸਰ ਕਲਾਂ(ਸਿਰਸਾ)

ਵੱਖ-ਵੱਖ ਸਥਾਨਾਂ ਤੇ ਨਾਮ ਸਿਮਰਨ ਜਪ-ਪ੍ਰਯੋਗ



ਨਾਮਧਾਰੀ ਧਰਮਸ਼ਾਲਾ-ਸਿਰਸਾ



ਪ੍ਰਤਾਪ ਮੰਦਰ-ਸੰਤ ਨਗਰ



ਸਤੰਬਰ 2018 ਨਿਊਯਾਰਕ ਨਾਮ ਸਿਮਰਨ ਜਪ ਪ੍ਰਯੋਗ ਦੀ ਅਰੰਭਤਾ ਦੀ ਅਰਦਾਸ।



16 ਸਤੰਬਰ-ਸ੍ਰੀ ਜੀਵਨ ਨਗਰ ਭੋਗ ਮਾਤਾ ਬਲਬੀਰ ਕੌਰ ਸੁਪਤਨੀ ਸੰਤ ਬਿਸ਼ਨ ਸਿੰਘ ਦੁਰਗਾਪੁਰੀਏ।



16 ਸਤੰਬਰ ਮਸਤਾਨ ਗੜ੍ਹ ਸ.ਅਮਰ ਸਿੰਘ ਨੰਬਰਦਾਰ ਜੀ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਉਪਦੇਸ਼ ਦੇ ਰਹੇ ਹਨ।

# ਹਾਨੀਕਾਰਕ ਹੋ ਸਕਦੈ ਟੁੱਥ ਪੇਸਟ?

✍–{ਲਖਵੀਰ ਸਿੰਘ 'ਨਾਮਧਾਰੀ'}

ਜੇ ਅਸੀਂ ਮਨੁੱਖੀ ਜੀਵਨ ਵੱਲ ਪਿੱਛੇ ਝਾਤ ਮਾਰ ਕੇ ਦੇਖੀਏ ਤਾਂ ਸਾਡੇ ਬਜ਼ੁਰਗ ਦੰਦਾਂ ਦੀ ਸਫ਼ਾਈ ਅਤੇ ਮਜ਼ਬੂਤੀ ਲਈ ਦਾਤਣ ਕਰਦੇ ਸਨ। ਸਤਿਜੁਗ, ਤ੍ਰੇਤੇ, ਦੁਆਪਰ ਅਤੇ ਕਲਯੁੱਗ ਦੇ ਇਤਿਹਾਸ, ਮਿਥਿਹਾਸ ਅਤੇ ਪੁਰਾਤਨ ਗ੍ਰੰਥਾਂ ਵਿੱਚ ਦਾਤਣ ਦਾ ਜ਼ਿਕਰ ਮਿਲਦਾ ਹੈ। ਸਾਡੇ ਬਜ਼ੁਰਗ ਗੰਨੇ ਚੂਪਦੇ ਸਨ, ਛੋਲੇ ਚੱਬਦੇ ਸਨ, ਜੌਆਂ ਦੀ ਘਾਠ, ਅਨਾਜ ਦਾ ਸਤਨਾਜਾ, ਮੱਕੀ ਅਤੇ ਜਵਾਰ ਦੇ ਦਾਣਿਆਂ ਤੋਂ ਇਲਾਵਾ ਬਦਾਮ ਅਤੇ ਅਖਰੋਟ ਦੰਦਾਂ ਨਾਲ ਭੰਨ ਕੇ ਖਾ ਲੈਂਦੇ ਸਨ। ਉਹ ਲੋਕੀ ਸੌ ਸਾਲ ਦੀ ਉਮਰ ਭੋਗ ਕੇ ਵੀ ਆਖਰੀ ਸਾਹਾਂ ਤੱਕ ਕੁਦਰਤ ਦੇ ਬਖਸ਼ੇ ਦੰਦਾਂ-ਜਾੜ੍ਹਾਂ ਨਾਲ ਤੰਦਰੁਸਤ ਹੁੰਦੇ ਸਨ।

ਅੱਜ ਵਿਗਿਆਨ ਦੇ ਯੁੱਗ ਵਿੱਚ ਦੰਦਾਂ ਨੂੰ ਕੀਟਾਣੂ ਰਹਿਤ ਅਤੇ ਸਾਫ਼ ਕਰਨ ਦੀ ਪ੍ਰਕਿਰਿਆ ਨੇ ਵੱਡੀ ਉਮਰ ਤੋਂ ਲੈ ਕੇ ਨਿੱਕੇ-ਨਿੱਕੇ ਹੱਥਾਂ ਵਿੱਚ ਕਿੱਡ ਬਰੱਸ਼ (Kid Brush) ਫੜਾ ਦਿੱਤੇ ਹਨ। ਦਿਨ-ਰਾਤ ਮਲਟੀਨੈਸ਼ਨਲ ਕੰਪਨੀਆਂ ਆਪੋ-ਆਪਣੇ ਟੁੱਥ ਪੇਸਟਾਂ ਵਿੱਚੋਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਫ਼ਿਲਮੀ ਜਾਂ ਖੇਡ ਖੇਤਰ ਦੇ ਸਿਤਾਰਿਆਂ ਹੱਥੋਂ ਦਿਲਕਸ਼ ਢੰਗ ਨਾਲ ਮਸ਼ਹੂਰੀਆਂ ਕਰਵਾ ਰਹੀਆਂ ਹਨ ਪਰ ਦੰਦਾਂ ਦੇ ਡਾਕਟਰਾਂ ਮੁਤਾਬਕ ਜਿੱਥੇ ਸਾਡੇ ਵੱਡੇ-ਵਡੇਰਿਆਂ ਦੇ ਦੰਦ ਆਖਰੀ ਉਮਰ ਤੱਕ ਮਜ਼ਬੂਤ ਹੁੰਦੇ ਸਨ, ਉੱਥੇ ਅੱਜ-ਕੱਲ੍ਹ 40-45 ਸਾਲ ਦੀ ਉਮਰ ਦੇ 60 ਫ਼ੀਸਦੀ ਲੋਕਾਂ ਨੂੰ ਦੰਦਾਂ-ਜਾੜ੍ਹਾ ਦੀਆਂ ਤਕਲੀਫ਼ਾਂ ਨੇ ਜਕੜ ਲਿਆ ਹੈ। 60-65 ਸਾਲ ਦੀ ਉਮਰ ਤੋਂ ਬਾਅਦ ਕਿਸੇ ਟਾਵੇਂ ਵਿਰਲੇ ਨੂੰ ਛੱਡ ਕੇ ਵੱਡੀ ਗਿਣਤੀ ਲੋਕ ਕੁਦਰਤ ਵੱਲੋਂ ਬਖ਼ਸ਼ੇ ਦੰਦਾਂ ਤੋਂ ਆਹਰੇ ਹੋ ਕੇ ਬਣਾਉਟੀ ਦੰਦ ਲਗਵਾ ਰਹੇ ਹਨ। ਸਾਡੇ ਸਭ ਦੇ ਸਾਹਮਣੇ ਇਹ ਗੱਲ ਸਪਸ਼ਟ ਹੈ ਕਿ ਪੇਸਟ ਦੰਦਾਂ ਨੂੰ ਸਾਫ਼ ਤਾਂ ਕਰ ਸਕਦੇ ਹਨ ਪਰ ਦਾਤਣ ਵਾਂਗ ਮਜ਼ਬੂਤੀ ਨਹੀਂ ਦੇ ਸਕਦੇ।

ਭਾਵੇਂ ਅੱਜ ਸੰਸਾਰ ਪੱਧਰ 'ਤੇ ਦੰਦਾਂ ਨੂੰ ਸਾਫ਼ ਕਰਨ ਲਈ ਮੁੱਖ ਤੌਰ 'ਤੇ ਟੁੱਥ ਪੇਸਟ ਜਾਂ ਟੁੱਥ ਪਾਊਡਰ ਹੀ ਵਰਤੇ ਜਾਂਦੇ ਹਨ ਪਰ ਨਵੀਨ ਖੋਜਾਂ ਮੁਤਾਬਕ ਪੇਸਟ ਵਿੱਚ ਪੈਂਦੇ ਵੱਖ-ਵੱਖ ਕੈਮੀਕਲ ਮਨੁੱਖੀ ਸਿਹਤ 'ਤੇ ਵੀ ਮਾਰੂ ਅਸਰ ਪਾਉਂਦੇ ਹਨ। 15 ਮਾਰਚ 2012 ਦੀ ਇੱਕ ਰਿਪੋਰਟ ਵਿੱਚ ਦਿਪਸਾਰ ਯੂਨੀਵਰਸਿਟੀ ਦੇ ਪ੍ਰੋ ਐਸ.ਐਸ. ਅਗਰਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਨੇ 24 ਮਸ਼ਹੂਰ ਦੰਤ ਮੰਜਨਾਂ ਅਤੇ ਪੇਸਟਾਂ ਦੀ ਜਾਂਚ ਕੀਤੀ ਤਾਂ ਉਨ੍ਹਾਂ ਵਿੱਚੋਂ 18 ਪੇਸਟਾਂ ਵਿੱਚ ਨਿਕੋਟਿਨ ਦੀ ਮਾਤਰਾ ਖ਼ਤਰਨਾਕ ਪੱਧਰ 'ਤੇ ਪਾਈ ਗਈ । ਅਗਰਵਾਲ ਨੇ ਰਿਪੋਰਟ ਵਿੱਚ ਇਹ ਵੀ ਖੁਲਾਸਾ ਕੀਤਾ ਕਿ ਮਸ਼ਹੂਰ ਕੰਪਨੀਆਂ ਦੇ ਮਸ਼ਹੂਰ ਟੁੱਥ ਪੇਸਟਾਂ ਵਿੱਚ ਫਲੋਰਾਈਡ ਦੀ ਮਾਤਰਾ ਵੀ ਖ਼ਤਰਨਾਕ ਪੱਧਰ ਤੱਕ ਹੈ।

ਪੇਸਟਾਂ ਅਤੇ ਮੰਜਨਾਂ 'ਤੇ ਖੋਜ ਕਰਕੇ ਦਿੱਲੀ ਇੰਸਟੀਚਿਊਟ ਆਫ਼ ਫਰਮਾਸਿਊਟੀਕਲ ਸਾਇੰਸ ਐਂਡ ਰਿਸਰਚ ਯੂਨੀਵਰਸਿਟੀ ਨੇ ਸਪੱਸ਼ਟ ਕੀਤਾ ਹੈ ਕਿ ਟੁੱਥ ਪੇਸਟਾਂ ਵਿੱਚ ਨਿਕੋਟਿਨ ਅਤੇ ਫਲੋਰਾਈਡ ਦਾ ਵੱਧ ਇਸਤੇਮਾਲ ਦਿਲ ਲਈ ਬਹੁਤ ਖ਼ਤਰਨਾਕ ਹੈ। ਯੂਨੀਵਰਸਿਟੀ ਦੀ ਖੋਜ ਮੁਤਾਬਕ ਦੰਦਾਂ ਨੂੰ ਮੋਤੀਆਂ ਵਰਗੇ ਚਿੱਟੇ ਅਤੇ ਚਮਕੀਲੇ ਬਣਾਉਣ ਦਾ ਦਾਅਵਾ ਕਰਨ ਵਾਲੇ ਦੰਦ ਮੰਜਨਾਂ ਜਾਂ ਪੇਸਟਾਂ ਵਿੱਚ ਨਿਕੋਟਿਨ ਦੀ ਮਾਤਰਾ ਇੰਨੀ ਜ਼ਿਆਦਾ ਹੈ ਕਿ ਇਸ ਨੂੰ ਵਰਤਣ ਵਾਲੇ ਨਸ਼ੇ ਵਾਂਗ ਇਸ ਦੇ ਆਦੀ ਵੀ ਬਣ ਸਕਦੇ ਹਨ।

ਦਾ ਓਰੋ ਡੈਂਟਲ ਕੇਅਰ ਦੇ ਡਾ. ਜਯੋਤੀ ਅਤੇ ਡਾ. ਕੌਸ਼ਲ ਨੇ ਇੱਕ ਮਰੀਜ਼ ਦੁਆਰਾ ਪੇਸਟ ਬਣਾਉਣ ਵਾਲੀ ਕੰਪਨੀ ਤੋਂ ਪੁੱਛੇ ਗਏ ਸਵਾਲਾਂ ਦੇ ਆਧਾਰ 'ਤੇ ਰੋਚਕ ਜਾਣਕਾਰੀ ਦਿੱਤੀ। ਮਰੀਜ਼ ਨੇ ਦੱਸਿਆ ਕਿ ਉਹ ਘੱਟਦੇ ਬਲੱਡ ਪ੍ਰੈਸ਼ਰ ਦੀ ਦਵਾਈ ਲੈਂਦਾ ਸੀ ਅਤੇ ਇੱਕ ਦੰਦਾਂ ਦੀ ਸੈਂਸੇਵਿਟੀ ਘੱਟ ਕਰਨ ਵਾਲੇ ਪੇਸਟ ਦਾ ਪ੍ਰਯੋਗ ਕਰਕੇ ਉਹ ਬੇਹੋਸ਼ ਹੋ ਗਿਆ। ਕੰਪਨੀ ਨੇ ਇਹ ਘਟਨਾ ਦੇ ਵਾਪਰਨ 'ਤੇ ਪੁੱਛੇ ਗਏ ਸਵਾਲਾਂ ਦੇ ਜਵਾਬ ਵਿੱਚ ਮੰਨਿਆ ਕਿ ਪੇਸਟ ਵਿੱਚ ਪੋਟਾਸ਼ੀਅਮ ਨਾਈਟ੍ਰੇਟ ਨਾਂ ਦਾ ਰਸਾਇਣ ਹੁੰਦਾ ਹੈ ਜਿਸ ਨਾਲ ਦਿਲ ਨੂੰ ਖ਼ੂਨ ਪਹੁੰਚਾਉਣ ਵਾਲੀਆਂ ਧਮਣੀਆਂ ਫੈਲ ਜਾਂਦੀਆਂ ਹਨ ਜੋ ਬਲੱਡ ਪ੍ਰੈਸ਼ਰ ਨੂੰ ਘਟਾ ਦਿੰਦੀਆਂ ਹਨ ਅਤੇ ਪਹਿਲਾਂ ਹੀ ਘੱਟ ਬਲੱਡ ਪ੍ਰੈਸ਼ਰ ਵਾਲਾ ਆਦਮੀ ਬੇਹੋਸ਼ ਵੀ ਹੋ ਸਕਦਾ ਹੈ।

ਦਿਪਸਾਰ ਯੂਨੀਵਰਸਿਟੀ ਦੇ ਪ੍ਰੋ. ਐਸ.ਐਸ. ਅਗਰਵਾਲ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਬਰੱਸ਼ ਕਰਨ ਵੇਲੇ ਜਦੋਂ ਪੇਸਟ ਬਰੱਸ਼ 'ਤੇ ਲੱਗ ਕੇ ਬੁੱਲਾਂ ਤੋਂ ਅੰਦਰ ਚਲਿਆ ਜਾਂਦਾ ਹੈ, ਉਸੇ ਵਕਤ ਹੀ ਪੂਰੇ ਸਰੀਰ ਦੀਆਂ ਕਿਰਿਆਵਾਂ

ਪ੍ਰਭਾਵਿਤ ਹੋਣ ਲੱਗ ਜਾਂਦੀਆਂ ਹਨ। **ਜਿਹੜੇ ਅਣਜਾਣ ਬੱਚੇ ਪੇਸਟ ਦੇ ਕੁਝ ਮਿਲੀਗ੍ਰਾਮ ਹਿੰਮ ਨੂੰ ਅੰਦਰ ਨਿਗਲ ਜਾਂਦੇ ਹਨ ਤਾਂ ਉਨ੍ਹਾਂ ਦੀ ਰੋਜਾਨਾ ਦੀ ਇਹ ਆਦਤ ਬੱਚਿਆਂ ਨੂੰ ਮੰਦ ਬੁੱਧੀ ਬਣਾ ਦਿੰਦੀ ਹੈ।** 19 ਮਾਰਚ 2012 ਦੀ ਰਵੀ ਸ਼ਰਮਾ ਭਾਸਕਰ ਦੀ ਰਿਪੋਰਟ ਮੁਤਾਬਕ ਜੇ ਤੁਹਾਡੇ ਘਰ ਵਿੱਚ 8-10 ਸਾਲ ਤੋਂ ਘੱਟ ਉਮਰ ਦੇ ਬੱਚੇ ਦੇ ਪੇਟ ਵਿੱਚ ਦਰਦ ਰਹਿੰਦਾ ਹੈ ਅਤੇ ਲੈਬਾਰਟਰੀ ਟੈਸਟ. ਐਕਸਰੇ, ਅਲਟਰਾ ਸਾਊਂਡ ਵਿੱਚ ਕੁਝ ਪਤਾ ਨਹੀ ਚੱਲਦਾ ਤਾਂ ਉਸ ਦਾ ਕਾਰਨ ਵੀ ਘਰ 'ਚ ਵਰਤਿਆ ਜਾਦਾ ਪੇਸਟ ਹੋ ਸਕਦਾ ਹੈ। ਬੱਚਿਆਂ ਵੱਲੋਂ ਬਰੱਸ਼ ਕਰਨ ਵੇਲੇ ਨਿਗਲਿਆ ਗਿਆ ਪੇਸਟ ਉਸ ਵਿੱਚ ਫਲੋਰਾਈਡ ਹੋਣ ਕਾਰਨ ਦਰਦ ਦਾ ਮੁੱਖ ਕਾਰਨ ਹੋ ਸਕਦਾ ਹੈ। ਪੀ.ਜੀ.ਆਈ. ਚੰਡੀਗੜ੍ਹ ਅਤੇ ਖੋਜ ਸੈਂਟਰਾਂ ਵਿੱਚ ਬੱਚਿਆਂ ਦੇ ਅਜਿਹੇ ਕਾਰਨਾਂ ਸਬੰਧੀ ਖੋਜ ਦੌਰਾਨ ਦਰਦ ਨਾਲ ਪੀੜਤ ਬੱਚਿਆਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਹ ਮੰਨਿਆ ਕਿ ਉਹ ਪੇਸਟ ਕਰਨ ਵੇਲੇ ਪੇਸਟ ਅੰਦਰ ਨਿਗਲ ਲੈਂਦੇ ਹਨ।

ਦੰਦਾਂ ਦੇ ਡਾਕਟਰ ਨਿਤਿਨ ਜੈਨ ਦੇ ਮੁਤਾਬਕ 150 ਗ੍ਰਾਮ ਦੀ ਟੂੱਥ ਪੇਸਟ ਦੀ ਟਿਊਬ ਵਿੱਚ 140 ਮਿਲੀਗ੍ਰਾਮ ਫਲੋਰਾਈਡ ਹੁੰਦਾ ਹੈ ਅਤੇ 20 ਮਿਲੀਗ੍ਰਾਮ ਫਲੋਰਾਈਡ 28 ਕਿਲੋ ਜਾਂ ਇਸ ਤੋਂ ਘੱਟ ਭਾਰ ਵਾਲੇ ਬੱਚੇ ਲਈ ਜਾਨਲੇਵਾ ਹੋ ਸਕਦਾ ਹੈ। ਸਰੀਰਕ ਵਜਨ ਦੇ ਪ੍ਰਤੀ ਕਿਲੋਗ੍ਰਾਮ 02 ਮਿਲੀਗ੍ਰਾਮ ਪੇਸਟ ਪੇਟ ਦਰਦ ਪੈਦਾ ਕਰ ਸਕਦਾ ਹੈ ਅਤੇ ਬੱਚੇ ਦੇ ਆਮ ਤੌਰ 'ਤੇ 3 ਮਿਲੀਗ੍ਰਾਮ ਫਲੋਰਾਈਡ ਪੇਟ ਵਿੱਚ ਬਰੱਸ਼ ਕਰਨ ਦੌਰਾਨ ਮਿਲ ਜਾਂਦੇ ਹਨ। ਅਜਿਹੇ ਬੱਚੇ ਦਾ ਸਰੀਰਕ ਵਿਕਾਸ ਊਣਾ ਰਹਿ ਜਾਂਦਾ ਹੈ।

ਯੂਰਪੀ ਦੇਸ਼ਾ ਵਿੱਚ ਫਲੋਰਾਈਡ ਵਾਲੇ ਪੇਸਟ ਉੱਪਰ ਚੇਤਾਵਨੀ ਲਿਖੀ ਹੁੰਦੀ ਹੈ ਕਿ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ। ਜੇ ਵਿਦੇਸ਼ਾਂ ਵਿੱਚ ਅਜਿਹੇ ਪੇਸਟ ਬੱਚੇ ਭੁਲੇਖੇ ਵਿੱਚ ਕਰ ਵੀ ਲੈਂਦੇ ਹਨ ਤਾਂ ਮਾਪੇ ਬੱਚਿਆਂ ਨੂੰ ਐਮਰਜੈਂਸੀ ਹਸਪਤਾਲ ਵਿੱਚ ਦਾਖਲ ਕਰਵਾ ਕੇ ਪੇਟ ਸਾਫ਼ ਕਰਾਉਂਦੇ ਹਨ ਤਾਂ ਜੋ ਬੱਚੇ ਦਾ ਕੋਈ ਨੁਕਸਾਨ ਨਾ ਹੋਵੇ। ਜਿਸ ਇੱਕ ਟੂੱਥ ਪੇਸਟ ਨਾਲ ਦੰਦ ਚਮਕਾਉਣਾ ਸਾਡੀ ਸੰਸਕ੍ਰਿਤੀ ਬਣ ਗਈ ਹੈ, ਉਸ ਪੇਸਟ ਸਬੰਧੀ ਲੰਡਨ ਵਿੱਚ ਡੇਲੀ ਮੇਲ 'ਤੇ ਛਪੀ ਇੱਕ ਖ਼ਬਰ ਮੁਤਾਬਕ ਇੱਕ ਟਾਕਿਸਕੌਲੋਜ਼ੀ ਰਿਪੋਰਟ ਵਿੱਚ ਇਸ ਪੇਸਟ ਨਾਲ ਕੈਂਸਰ ਹੋਣ ਦਾ ਖ਼ਤਰਾ ਦੱਸਿਆ ਗਿਆ ਹੈ। ਇਸ ਟੂੱਥ ਪੇਸਟ ਵਿੱਚ ਟਾਈਕਲੇਸ਼ਨ ਨਾਮੀ, ਰਸਾਇਣ ਹੁੰਦਾ ਹੈ ਜਿਸ ਨੂੰ ਜਾਨਵਰਾਂ ਵਿੱਚ ਕੈਂਸਰ ਪੈਦਾ ਕਰਕੇ ਉਨ੍ਹਾਂ ਦਾ ਵਿਕਾਸ ਰੋਕਣ ਲਈ ਵਰਤਿਆ ਜਾਂਦਾ ਹੈ। ਕੰਪਨੀ ਨੇ ਆਪਣਾ ਪੱਖ ਜਿਤਾਇਆ ਸੀ ਪਰ ਅਮਰੀਕਾ ਦੀ ਏਜੰਸੀ ਐਨ.ਡੀ.ਏ. ਨੇ ਦਾਅਵਿਆਂ ਦਾ ਖੰਡਨ ਕੀਤਾ ਹੈ।

ਅੱਜ ਸੰਸਾਰੀਕਰਨ ਅਤੇ ਵਪਾਰੀਕਰਨ ਦੇ ਯੁੱਗ ਵਿੱਚ ਸਾਨੂੰ ਤੰਦਰੁਸਤ ਰਹਿਣ ਲਈ ਕੰਪਨੀਆਂ ਦੀਆਂ ਮਸ਼ਹੂਰੀਆਂ ਅਤੇ ਦਾਅਵਿਆਂ 'ਤੇ ਛੇਤੀ ਯਕੀਨ ਨਹੀਂ ਕਰਨਾ ਚਾਹੀਦਾ ਕਿਉਂਕਿ ਕੰਪਨੀਆਂ ਦਾ ਮਕਸਦ ਤੁਹਾਡੀ ਸਿਹਤ ਨਹੀਂ ਸਗੋਂ ਹਰ ਟੇਢੇ-ਮੇਢੇ ਢੰਗ ਨਾਲ ਆਪਣਾ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੈ। ਇਸ ਲਈ ਆਓ, ਦੰਦਾਂ ਦੀ ਮਜ਼ਬੂਤੀ ਅਤੇ ਖੂਬਸੂਰਤੀ ਲਈ ਆਪਣੀ ਅਮੀਰ ਵਿਰਾਸਤ ਵੱਲ ਨਜ਼ਰ ਮਾਰੀਏ।

**- ਡਾ. ਲਖਵੀਰ ਸਿੰਘ 'ਨਾਮਧਾਰੀ**
**ਰਾਮਪੁਰਾ ਫੂਲ**
**ਬਠਿੰਡਾ।**

**.....ਬਾਕੀ ਸਫ਼ਾ 17 ਦੀ (ਕੂਕਾ ਸੰਗਰਾਮ ਦਾ .....)**

ਜੁਆਬ ਆਇਆ ਕਿ ਇਹ ਚਿੱਠੀ ਨਾ ਉਰਦੂ ਵਿਚ ਹੈ ਨਾ ਫਾਰਸੀ ਵਿਚ, ਨਾ ਅਰਬੀ ਵਿਚ ਨਾਂ ਅੰਗਰੇਜ਼ੀ ਵਿਚ, ਇਹ ਕੀ ਹੈ? ਗੁਰੂ ਹਰੀ ਸਿੰਘ ਜੀ ਕਰਮ ਸਿੰਘ ਨੂੰ ਕਹਿੰਦੇ ਸਨ ਕਿ ਆਪਣੀ ਭਾਸ਼ਾ ਵਿਚ ਸਰਕਾਰ ਨੂੰ ਦਰਖਾਸਤਾਂ ਲਿਖ ਕੇ ਦਿਉ। ਨਾਂ ਸਮਝਣ ਤਾਂ ਫਿਰ ਹੋਰ ਭਾਸ਼ਾ ਵਿਚ। ਇਉਂ ਗੁਰੂ ਹਰੀ ਸਿੰਘ ਆਪਣੇ ਸਮੇਂ ਦੇ ਪੰਜਾਬੀ ਭਾਸ਼ਾ ਦੇ ਵੱਡੇ ਮੁੱਦਈ ਸਨ। ਉਹਨਾ ਨੇ ਸੰਤੋਖ ਸਿੰਘ ਬਾਹੋਵਾਲ ਜਿਹੇ ਵਿਦਵਾਨ ਵਿਅਕਤੀ ਨੂੰ ਆਪਣਾ ਸੰਰਕਸ਼ਣ ਪਰਦਾਨ ਕਰਕੇ, ਨਾਮਧਾਰੀ ਇਤਿਹਾਸ ਦਾ ਅਨਮੋਲ ਗ੍ਰੰਥ-"ਸਤਿਗੁਰੂ ਬਿਲਾਸ" ਜਿਹੀ ਵੱਡ ਆਕਾਰੀ ਰਚਨਾ, ਪੰਜਾਬੀ ਵਾਰਤਕ ਵਿਚ ਲਿਖਵਾ ਲਈ। ਗੁਰੂ ਹਰੀ ਸਿੰਘ ਜੀ ਦੇ ਵੱਖ-ਵੱਖ ਖੇਤਰਾਂ ਵਿਚ ਕੀਤੇ ਮਹਾਨ ਕਾਰਜਾਂ ਨੂੰ ਇਕ ਛੋਟੇ ਲੇਖ ਵਿਚ ਸੁਮੋਣਾ ਸੰਭਵ ਨਹੀਂ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਸੁਯੋਗ ਉੱਤਰਾ ਅਧਿਕਾਰੀ ਸਿੱਧ ਹੋਏ। ਅਤੇ ਪੰਥ ਦੀ ਵਾਗ-ਡੋਰ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸਉਂਪ ਗਏ।

**ਕਰੀਵਾਲਾ**
**ਸਿਰਸਾ।**
**ਸੰਪ:99963-71716**

## The times of Satguru Hari Singh Ji-
## An Ordeal against all Odds in the Fight for Freedom

( Dr.Alla Singh)

Satguru Hari Singh Ji was born in 1819 at Sri Bhaini Sahib. By age, Satguru Hari Singh Ji was four years younger to Satguru Ram Singh Ji. Before the conferring of *Gurugaddi*, Satguru Hari Singh was known to all by the name Baba Budh Singh Ji. The Kukas under the guidance of Satguru Ram Singh Ji always vowed for the establishment of a righteous governance system, under the aegis of which poor people are not exploited. As British imperialism was based on the idea of exploitation of its subjugated colonial lands, Kuka ideology of truthful conduct was in direct opposition to it. While the Kukas, instructed by Satguru Ram Singh Ji resisted British oppression, other sections of the society could not stand up to or even comprehend the long-lasting crisis that their inaction today was bound to have for future generations to come. When Satguru Ram Singh Ji commenced the programme of defiance of the British authority, Satguru himself as well as many *Subas, jathedars, mastanas,* and other personalities rose to anxious attention in the secret reports and briefings of the imperial British Government, which considered the teachings of Satguru Ram Singh Ji and its propaganda as a formidable threat to the British authority and interests. Exhibiting one of the excellent examples of long vision in policy making, Satguru Ram Singh Ji kept Baba Budh Singh Ji out of the greater anti-British pursuit during the times when Satguru Ram Singh Ji was in person guiding the same in Punjab. Six months before the events of Malerkotla in 1872 and his exile to Burma, Satguru Ji instructed Baba Budh Singh Ji, who was primarily engaged in agriculture, to prepare for the future responsibilities. At few occasions, Satguru Ram Singh Ji had demonstrated his graceful feelings on Baba Budh Singh in front of entire *Sangat*.

After the exile of Satguru Ram Singh Ji, the *Sangat* looked upon Baba Budh Singh Ji for further directions. The British Government had sealed all the affairs of Sri Bhaini Sahib and took away all the treasuries. When Satguru Ram Singh Ji was with few *Subas* in *Prayagraj* (Allahabad) fort, Satguru Ji was enquired by British authorities as to whom the keys of his home may be given. The *Subas* had their various views. *Suba* Kahn Singh replied that he did not see any one else than Baba Budh Singh Ji as capable of this endeavour of continuing the freedom fight. Satguru Ram Singh Ji expressed his consent and told the authorities to hand the keys to Baba Budh Singh Ji. This message was conveyed to Sahnewal Police station. The inspector came to Sri Bhaini Sahib and handed over the keys to Baba Budh Singh Ji. All the material which was confiscated earlier and kept at Ludhiana was now brought to Sri Bhaini Sahib. This happened on the 18th day after Satguru Ram Singh Ji's exile. This incident was a blessing in disguise as it had an immediate effect on the *Sangat*, which clearly understood that Satguru Ram Singh Ji has given his approval for Baba Budh Singh Ji to carry forward the *panth* and all its activities. A plethora of efforts was by then, in place to subdue the Kukas. The Sikhs were not allowed to come near the gates of the residence of Satguru Hari Singh Ji. Gross violation of the religious freedom right of the Kukas occured. Harassment of Kukas by all means in the form

of property confiscation, police action, public abuses, etc. had become routine all over Punjab. Under these excessively testing and turbulent times, Baba Budh Singh Ji kept the Sikhi alive. In Sri Bhaini Sahib, Kukas were not allowed to meet anyone nor even visit *langar* (Sikh community kitchen) for food. While the police guard allowed serving of *langar* to non-Kukas in, Kukas were not allowed to stay for even a little time in Sri Bhaini Sahib. Baba Budh Singh Ji himself used to go to serve food to the hungry Sikhs by diverting the attention of the police guard. By using different pretexts to avert police attention, he used to enquire the well-being of Sikhs and interact with them. In spite of tremendous hardships, *Sangat* never missed a slight opportunity to have a glimpse of Baba Budh Singh Ji.

Three years after the exile of Satguru Ram Singh, Sant Darbara Singh came to know about the whereabouts of Satguru Ram Singh Ji due to sympathies of wife of a British officer J.P. Warburton. Sant Darbara Singh brought the good news to Baba Budh Singh Ji, who blessed him and sent Sant Ji to meet Satguru Ram Singh Ji at Rangoon. Sant Darbara Singh was fortunate enough to have got the occasion of meeting Satguru Ram Singh Ji for a few days, when Satguru Ji used to go for evening walk on pony carriage. Satguru Ji issued a *Hukamnam*a (written order) for *Sangat* in the hands of Sant Ji. Sant Darbara Singh came to Sri Bhaini Sahib and read the *Hukamnama* aloud in front of Baba Budh Singh Ji and the *Sangat*. In this *Hukamnama*, Satguru Ram Singh Ji changed the name of Baba Budh Singh Ji to (Satguru) Hari Singh Ji and vested on him all the authority and command of the Kukas. He even commanded that Satguru Hari Singh Ji has all the authority to re-initiate any person condemned by Satguru Ram Singh Ji, but Satguru Ram Singh Ji will not forgive any person condemned by Satguru Hari Singh Ji.

This was the first *Hukamnama* carried by a Kuka for the *Sangat*. Earlier, on 24th July 1872, Satguru Ram Singh Ji wrote a letter and gave to British authorities to get the same delivered to Sri Bhaini Sahib. The letter again displays the excellences of statesmanship in that it contained clear message for then Baba Budh Singh Ji, but to avoid any early British persecution in the already troubled times of Kuka outbreak, Satguru Ram Singh Ji addressed it to Gopal Singh, who supervised the ration stores of the shop started by Satguru Ram Singh Ji. In this letter, available with National Archives of India, no significant political talk was mentioned as it was to be channeled through Jail authorities themselves. Expressing his wishes, Satguru Ji mentioned Baba Budh Singh Ji twice in the letter through different angles. Satguru Ji directed Gopal Singh to work with Baba Budh Singh Ji. Satguru Ji enquired about Baba Jassa Ji (father), Bibi Nandan (daughter) and also directed that his room should not be left unoccupied (an indication that the flame of independence spirit that he lighted must be kept alive). Satguru Ji mentioned that Baba Budh Singh Ji also stay in his room now onwards. This was the instruction for Baba Budh Singh Ji to spearhead the efforts for Indian independence now. This letter, although personal in nature, was sent by Jail authorities to higher ranks for permission of delivery to Sri Bhaini Sahib. It went up many ranks, but was finally overturned indicating the seriousness with which the British wanted to prevent any kind of communications of Kukas with Satguru Ram Singh Ji.

The resistance to Kuka efforts was now not only from imperial British and the puppet princely states, but from within as well. Bibi Nandan soon started feeling insecure

unnecessarily, seeing the Kukas now taking active guidance, both religious as well as political from Satguru Hari Singh Ji. Satguru Ji did not use to visit his residence (room where Satguru Ram Singh Ji previously stayed) for weeks altogether, so that Bibi Nandan does not feel jealous. Satguru Hari Singh Ji had to skip his meals many times for the same reason, but he always cared for the comfort of Bibi Nandan at his own cost. Apart from Bibi Nandan, many other elements had sprung up who tried to claim their hold on Kuka happenings. On top of all this, was the strict surveillance by the British and reporting of minutest events of the village by the spies. Satguru Hari Singh Ji bore all this negativity with exemplary perseverance and unparalleled patience.

Despite the horrific brutality by the British and native princes along with plentiful issues at home, Satguru Hari Singh Ji left no stone unturned in the mission of Satguru Ram Singh Ji. Faithful Kukas had always taken direction from Satguru Hari Singh Ji after the exile of Satguru Ram Singh Ji. The contacts with Russia continued. In fact, it was during the times and by the efforts of Satguru Hari Singh Ji that a close intimacy with Russia was created. The Russians exchanged salutations with both Satguru Ram Singh Ji and Satguru Hari Singh Ji (In these letters also, Satguru Ram Singh Ji reasserted the authority of Satguru Hari Singh Ji as incharge of Kuka spheres). Firstly, Suba Gurcharan Singh took the initiative, followed by Suba Bishen Singh. Suba Bishen Singh oriented Maharaja Dalip singh, the last ruler of Sikh Raj who was taken to England by deception. The spirit of freedom was present in the heart of Kukas to the highest levels under the auspicious leadership of Satguru Hari Singh Ji. The dedication with which Satguru Ji endured the insurmountable odds of his times gave more determination and strength to Kukas to keep working for freedom with unconditional self-sacrifices. However, most of the population apart from Kukas did not act against the British hegemony. Deception by the pro-British religious organizations as well as the greed of obtaining rewards and Government favour by self-centered people across all sections of social structure changed the tides. Golden opportunities of developing public consciousness and shared feeling against any form of injustice against anyone were lost. Punjab after having seen a glorious Sikh empire of half a century, was now again in hard clutches of subjugation for another three quarters of a decisive century. Harsh action against Kukas who stood in defiance of imperialism did not derail the new *panth* from that path shown by Satguru Ram Singh Ji. This was possible only due to the able dexterity with which Satguru Hari Singh Ji handled and managed the Namdhari community in its most demanding times. Prof. Humayun Kabir remarks, ''The movement suffered a severe setback, but it must be said to the credit of the Kukas that they were not easily deflected from their political aims''. The motivation and inspiration for the above ''credit'' is to the kind grace of Satguru Hari Singh Ji.

Satguru Hari Singh Ji was in constant contact with Satguru Ram Singh Ji through various Kukas who used to visit Satguru Ram Singh Ji in secrecy. Satguru Hari Singh Ji had kept thirty five Sikhs in his residence confidentially who used to do *Akhand Path* and prayers. Satguru Ji did many congregations (*melas*) after informing the British authorities. These congregations helped in dissemination of information and news to far-flung Kukas about the developments in the *panth* and kept them inside the sphere of strict opponents of the imperial empire. The British tried to influence Satguru Ji and earn his favour for British empire, but all proved vain. The limit of Kukas who could visit Satguru Ji was increased from five to ten.

Like Satguru Ram Singh Ji, Satguru Hari Singh Ji maintained maximum secrecy on the affairs related to freedom. The multi-faceted ventures undertaken by Satguru Hari Singh Ji cannot be described in any small volume of work. One of his greatest contributions was keeping the Namdhari *panth* together (justifying the name ''Hari'' and the task that was conferred upon him by Satguru Ram Singh Ji). Satguru Hari Singh Ji, feeling the pain of separation from Satguru Ram Singh Ji, used to speak less. Every time his eyes used to be filled with tears. Upon request of Mata Jiwan Kaur Ji to bless the *Sangat* which itself also needed good support in the difficult times, Satguru Hari Singh Ji started giving *Darshan* to the Sikhs and talked with them to comfort them. At the same time, the zeal with which Satguru Ji carried the fight for freedom is exemplified by the statement of the of Deputy Superintendent of Police, Warburton, writing in 1876, "I think it my duty to point that the Kukas are source of political danger. Although present they are comparatively few in numbers, I believe they are increasing, as proselytism is actively progressing. Ever since permission has been given for ten Kukas to visit Budh Singh (Satguru Hari Singh Ji) at a time, Kukas from all parts come to Bhaini. At nights, meetings presided over by Budh Singh are occasionally held at a sort of shrine near the village of Lallen, in Patiala territory. Their system of disseminating news or instructions is perfect. In the event of difficulties or should we sustain any reverses hereafter in any war, these Kukas are certain to show their teeth. Our policy should be to disable them from now by every legitimate means and render them completely incapable of doing mischief. If we were to lose ground and the Kukas were to rise, I am certain a large portion of ignorant agriculturists and nearly all the ill-disposed, believing in the prophetic sayings of (Guru) Ram Singh, would join the sect''. The above statement by arch-rivals of Kukas, after six years of intense persecution and torture, is testimony to the new dimensions achieved under the mentorship of Satguru Hari Singh Ji. Again in 1880, District Superintendent of Police, Ludhiana remarked, "The Kukas are at present in a state of excitement; they hold frequent consultations and Baba Budh Singh of Bhaini is visited by men from distant places". This illustrates the ordeal that Satguru Hari Singh Ji had to traverse to keep awake the consciousness among the masses. The fear of the imperialists that native agriculturists will join the sect whenever a convenient moment arose is reflective of their own prejudicial rule. Nonetheless, to the fortune of imperialists, a class of elites which had a certain say over the common people, was acting against the very people it was claiming to lead. The efforts by Maharaja Dalip Singh to reclaim his beloved land could not get any support from one of the major organizations of Punjab of that time. The Maharaja returned dejected and Punjab continued in the entanglement of slavery and bondage. No affected by the adverse developments around them, the Kukas continued their efforts. The conduct of Kukas initiated by Satguru Ram Singh Ji and nurtured by Satguru Hari Singh Ji in the critically challenging circumstances won the same acclaim for Kukas as had been earned by Sikhs during the times of Guru Gobind Singh Ji. That was the recognition of Kukas as rebels. Unwavering rebels who could not be curbed either by the cruelty of canons or by the fancies of favours. The role played by Satguru Hari Singh Ji had direct influence on the Kuka ideology in his era and the times that were yet to come.

**(The information given above has been taken from published sources including Rebels against the British Rule : Guru Ram Singh and the Kuka Sikhs by Bhai Nahar Singh, Bhai Kirpal Singh and Kuka Movement by Fauja SIngh Bajwa)**

# ਕਾਵਿ-ਕਿਆਰੀ

## ਸੀਤਲਤਾ ਦਾ ਸ੍ਰੋਤ

-ਪ੍ਰੋ: ਕ੍ਰਿਪਾਲ ਸਿੰਘ ਕਸੇਲ

ਹਰੀ ਸਿੰਘ ਗੁਰਦੇਵ ਨੂੰ,
ਮੇਰੀ ਹੈ ਪ੍ਰਣਾਮ।
ਹਿਮ ਜੋਤੀ ਦੇ ਰੂਪ ਸਮ,
ਸੀਤਲਤਾ ਦੀ ਖਾਨ।
ਚੀਨੀ ਵਾਲੇ ਸਤਿਗੁਰੂ,
ਸੌਂਪੀ ਵੱਡੀ ਕਾਰ।
ਸੰਤ-ਖਾਲਸਾ ਬਾਗ਼ ਤੇ,
ਪਰਤੇ ਕਿਵੇਂ ਬਹਾਰ।
ਪ੍ਰੀਤਮ ਗਏ ਪਰਦੇਸ ਸਨ,
ਦਿੱਸੇ ਕੁੱਲ ਉਜਾੜ।
ਪਈ ਚੌਂਕੀ ਗੁਰਧਾਮ 'ਤੇ,
ਪਾਬੰਦੀਆਂ ਬੇਸ਼ੁਮਾਰ।
ਸਮਝ ਰਿਹਾ ਅੰਗਰੇਜ਼ ਸੀ,
ਕੂਕਿਆਂ ਦਾ ਵਿਦਰੋਹ।
ਉਠਿਆ ਤੇ ਗਇਆ ਕੁਚਲਿਆ,
ਬਚੀ ਨਹੀਂ ਕੋਈ ਸੋਅ।
ਗੁਰੂ ਇਨ੍ਹਾਂ ਦਾ ਪਕੜਿਆ,
ਜੋ ਪਰਦੇਸੀਂ ਕੈਦ।
ਏਸ ਧਰਮ ਦੇ ਵਧਣ ਦੀ,
ਹੁਣ ਨਾ ਕੋਈ ਉਮੈਦ।
ਜਾਣੇ ਨਾ ਉਹ ਸੱਚ ਨੂੰ,
ਧਰਮ-ਕਰਮ ਦੀ ਕਾਰ।
ਇਹ ਤਾਂ ਖੇਡ ਅਕਾਲ ਦੀ,
ਹੁਕਮਾਂ ਸੰਦੀ ਕਾਰ।
ਆਤਮ ਜੋਤ ਬਲਦੀ ਸਦਾ,
ਕੋਈ ਨਾ ਸਕੇ ਬੁਝਾਏ।
ਅਖੰਡ ਅਬਿਨਾਸ਼ੀ ਸੱਤਾ ਇਹ,
ਜੁਗ ਜੁਗ ਬਲਦੀ ਜਾਏ।

ਹਰੀ ਸਿੰਘ ਵਿਚ ਜੋਤਿ ਨੂੰ,
ਧਰਿਆ ਆਪ ਅਕਾਲ।
ਨਾਮ ਰੰਗ ਵਿਚ ਰੰਗਿਆ,
ਨਿਤ ਸਿਮਰੇ ਕਿਰਪਾਲ।
ਨਾਮ ਦੀ ਠੰਢ ਵਰਤੀ ਰਹੇ ,
ਆਤਮ-ਜੋਤਿ ਸਮਾਨ।
ਸੀਤਲਤਾ ਤੇ ਸ਼ਕਤ ਦਾ,
ਸਤਿਗੁਰ ਪੁੰਜ ਮਹਾਨ।
ਬਾਣ ਝੱਲੇ ਸਭ ਜਬਰੇ ਦੇ,
ਰੁੱਖਾਂ ਦਾ ਜੇਰਾਲ।
ਜਬਰ ਪਹਾੜ ਨੂੰ ਠਲ੍ਹਿਆ,
ਪਕੜ ਸਬਰ ਦੀ ਢਾਲ।

ਗੁਰੂ ਘਰ ਤੇ ਪਾਬੰਦੀਆਂ,
ਬੈਠੇ ਪਹਿਰੇਦਾਰ।
ਅੰਦਰ ਕੋਈ ਨਾ ਜਾ ਸਕੇ,
ਬਿਨ ਆਗਿਆ ਸਰਕਾਰ ।
ਪੰਜ ਸਿੰਘ ਹੀ ਆ ਸਕਣ,
ਇਕ ਇਕ ਕਰ ਕੇ ਜਾਣ।
ਦਰਸ਼ਨ ਕਰ ਕੇ ਗੁਰੂ ਦਾ,
ਨਾਂਵਾਂ ਦਰਜ ਕਰਾਣ।
ਕੋਈ ਪਾਠ ਨ ਕਰ ਸਕੇ,
ਨਾ ਲਾਵੇ ਦੀਵਾਨ।
ਜੋ ਐਸਾ ਉੱਦਮ ਕਰਨ,
ਕੈਦਾਂ ਦੇ ਵਿਚ ਪਾਣ।
ਚਿਣਗ ਮਗਰ ਮਘਦੀ ਰਹੀ,
ਜਗਦੀ ਰਹੀ ਇਹ ਜੋਤ।

ਕੁਰਬਾਨੀਆਂ ਦੇ ਦੌਰ ਵਿਚ,
ਸੀਤਲਤਾ ਦਾ ਸ੍ਰੋਤ ।
ਅੱਠੀਂ ਪਹਿਰੀਂ ਇਕ ਵਾਰ,
ਆਵਣ ਘਰ ਤੋਂ ਬਾਹਰ ।
ਬਾਕੀ ਅੰਦਰ ਬੈਠ ਕੇ,
ਸਭੋ ਕਰਨ ਵਿਹਾਰ ।

ਬਹੁਤ ਮੁਸ਼ਕਲਾਂ ਝਾਗ ਕੇ,
ਗਏ ਸਮੁੰਦਰੋਂ ਪਾਰ।
ਦਰਸ਼ਨ ਕਰ ਗੁਰਦੇਵ ਦੇ,
ਮਿਲਦੀ ਸ਼ਕਤਿ ਅਪਾਰ।
ਹੁਕਮਨਾਮੇ ਲਿਆਉਂਦੇ ਰਹੇ,
ਮਿਲਦੇ ਜੋ ਆਦੇਸ਼ ।
ਸੰਗਤ ਨੂੰ ਨਿੱਤ ਯਾਦ ਕਰਨ,
ਚਿੱਤ ਪੰਜਾਬ ਹਮੇਸ਼ ।
ਇਧਰ ਸਤਿਗੁਰੂ ਹਰੀ ਸਿੰਘ,
ਐਸੀ ਬਣਤ ਬਣਾਏ।
ਨਾਮ ਬਾਣੀ ਨੂੰ ਵੰਡਿਆ,
ਦਿਤੀ ਜੋਤਿ ਜਗਾਏ।
ਸੰਗਤ ਨਿਤ ਆਉਂਦੀ ਰਹੀ,
ਭਾਵੇਂ ਸੀ ਵੈਰਾਗ।
ਪਰ ਮਹਿਮਾ ਗੁਰਦੇਵ ਦੀ,
ਫੈਲੀ ਵਿਚ ਪੰਜਾਬ ।
ਕੇਸਰ ਕਿਆਰੀਆਂ ਮੌਲੀਆਂ,
ਸੰਤ ਭਗਤ ਉਪਕਾਰ।
ਸਿਖੀ-ਬਾਗ਼ ਇੰਜ ਮੌਲ ਪਏ,
ਪਰਤੀ ਨਵੀਂ ਬਹਾਰ ।
ਦੂਰ ਦੂਰ ਜੱਸ ਫੈਲਿਆ,
ਕਾਬਲ ਅਤੇ ਨੇਪਾਲ।
ਦੂਰੋਂ ਸੁਨੇਹੇ ਆਂਵਦੇ,
ਬਦਲੇਗੀ ਸਰਕਾਰ।
ਸੁਤੰਤਰਤਾ ਦਾ ਪ੍ਰੇਮ ਜੋ,
(ਗੁਰੂ) ਨਾਨਕ ਦਾ ਫਰਮਾਨ।
ਪ੍ਰੇਮ ਗਲੀ ਦੀ ਖੇਡ ਸੀ,
ਸੀਸ ਤਲੀ ਧਰ ਆਣ।

ਮੰਨੀ ਕਿਸੇ ਵੀ ਈਨ ਨਾ,
ਨਾ ਘਟਿਆ ਗੁਰੂ ਦਾ ਪ੍ਰੇਮ।
ਆਤਮ ਬਲ ਵੱਧਦਾ ਰਿਹਾ,
ਸਿਖੀ ਦਾ ਮਹਾਂ ਨੇਮ।
ਚ੍ਰਿਤਰਵਾਨ ਸਿੰਘ ਹੋ ਗਏ,
ਸਿਧੇ-ਸਾਦੇ ਬੀਰ।
ਧਰਮ-ਕਰਮ ਦੇ ਨੇਮ ਵਿਚ,
ਸੂਰਬੀਰ ਬਲਬੀਰ।

ਮਾਤਾ ਜੀਵਨ ਕੌਰ ਨੇ,
ਸਾਂਭੀ ਲੰਗਰ ਦੀ ਕਾਰ ।
ਦਇਆ ਪੁੰਜ ਦਇਆ ਮੂਰਤੀ,
(ਮਾਂ) ਖੀਵੀ ਦਾ ਅਵਤਾਰ।
ਕੁਲ ਆਲਮ ਦੀ ਮਾਤ ਉਹ,
ਦੂਈ ਦਵੈਤੋਂ ਰਹਿਤ।
ਵੰਡੇ ਪ੍ਰੇਮ ਸਭਸ ਨੂੰ,
ਜੋ ਅਖੰਡ ਅਦਵੈਤ।

ਗੋਰੇ ਖ਼ਬਰਾਂ ਭੇਜੀਆਂ,
ਗੁਰੂ ਰਾਮ ਅਵਤਾਰ।
ਵਿੱਚ ਵਿਦੇਸ਼ੀ ਕੈਦ ਦੇ,
ਗਏ ਪਰਲੋਕ ਸਿਧਾਰ।
ਐਪਰ ਇਹ ਸੱਚ ਨਹੀਂ ਸੀ,
ਹੈ ਸੀ ਇਹ ਇਕ ਚਾਲ।
ਹਰੀ ਸਿੰਘ ਗੁਰਦੇਵ ਨੇ,
ਸਮਝੀ ਨੀਤੀ ਨਾਲ।
ਸਤਿਗੁਰੂ ਰਾਮ ਸਿੰਘ ਜੀ,
ਨਿਕਲੇ ਕੈਦੋਂ ਬਾਹਰ।
ਸੁਤੰਤਰ ਹੋਏ ਰਮਦੇ ਰਹੇ,
ਮਨ ਮੌਜ ਦੇ ਨਾਲ।
ਸੰਤ ਖ਼ਾਲਸੇ ਨੂੰ ਰਿਹਾ,
ਦਿਲ ਵਿੱਚ ਇਹ ਧਰਵਾਸ।
ਪਰਤ ਆਉਣਗੇ ਘਰਾਂ ਨੂੰ,
ਰਖੀ ਸਭ ਨੇ ਆਸ।

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

✍-ਸੰਤ ਇਕਬਾਲ ਸਿੰਘ ਮਨਚੰਦਾ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸੋ ਗਰੀਬ-ਨਿਵਾਜ਼ ਜੀ ਸੀ ਫੱਯਾ ਬੰਗਲੇ ਪਹੁੰਚ ਕੇ ਹੁਕਮ ਕੀਤਾ ਕਿ ਸਭ ਸੰਗਤਾਂ ਨੂੰ ਖ਼ਬਰ ਭੇਜ ਦਿਉ ਕਿ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਡੇਰੇ ਵਿਖੇ ਹੀ ਹੋਵੇਗਾ। ਸੰਗਤ ਨੇ ਕਾਫੀ ਗਿਣਤੀ ਵਿੱਚ ਅੰਮ੍ਰਿਤ ਵੇਲੇ ਕੀਰਤਨ ਵਿੱਚ ਪਹੁੰਚਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਤੇ ਖ਼ੁਸ਼ੀਆਂ ਪ੍ਰਾਪਤ ਕੀਤੀਆਂ। (ਨੋਟ:- ਸ੍ਰੀ ਸਤਿਗੁਰੂ ਜੀ B. O. A. C. ਦੇ ਹਵਾਈ ਜਹਾਜ਼ ਰਾਹੀਂ ਪਹੁੰਚੇ ਸਨ) ਸ਼ਾਮ ਦਾ ਦੀਵਾਨ ਨਾਮਧਾਰੀ ਧਰਮਸ਼ਾਲਾ ਯਾਵਾਰੱਟ ਵਿਖੇ ਸੀ ਤੇ ਇਸ ਵੇਲੇ ਸੰਗਤ ਦੀ ਹਾਜ਼ਰੀ ਕਾਫੀ ਸੀ। ਦੂਜੇ ਦਿਨ 17-10-1955 ਨੂੰ ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਾਧ-ਸੰਗਤ ਨੇ 41 ਵਰਨੀਆਂ ਕਰਕੇ ਇਹਨਾਂ ਦਾ ਭੋਗ ਪਾਇਆ ਜੋ ਕੁਲ ਜੋੜ 211 ਵਰਨੀਆਂ ਕੀਤੀਆਂ ਗਈਆਂ (ਨੋਟ:- ਇਹ ਚੌਪਈ ਦੀਆਂ ਵਰਨੀਆਂ ਸਨ)। 18-10-1955 ਨੂੰ ਅੰਮ੍ਰਿਤ ਵੇਲੇ ਸਾਢੇ ਤਿੰਨ ਵਜੇ ਸਾਧ-ਸੰਗਤ ਵੱਲੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨਮਿਤ 51 ਵਰਨੀਆਂ ਚੌਪਈ ਦੀਆਂ ਤੇ ਇੱਕ ਵਰਨੀ ਭਜਨ ਦੀ ਕਰਕੇ 5 ਵਜੇ ਭੋਗ ਪਾਇਆ ਤੇ ਫਿਰ ਇਸ ਤੋਂ ਬਾਅਦ ਵਾਰੇ ਦੇ ਰੂਪ ਵਿੱਚ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੋਇਆ। ਇਸ ਵੇਲੇ ਗਰੀਬ-ਨਿਵਾਜ਼ ਜੀ ਵੀ ਕੀਰਤਨ ਵਿੱਚ ਬਖ਼ਸ਼ਿਸ਼ ਕੀਤੀ। ਦੁਪਹਿਰ ਦਾ ਲੰਗਰ ਡੇਰੇ ਵਿਖੇ ਸੀ।

ਸ਼ਾਮ ਦੇ ਦੀਵਾਨ ਸਮੇਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨਮਿਤ 41 ਪਾਠਾਂ ਦੇ ਭੋਗ ਪਾਏ ਗਏ ਤੇ ਉਪਰੰਤ ਸਥਾਨਕ ਕਵੀਆਂ ਵੱਲੋਂ ਕਵੀ ਦਰਬਾਰ ਕੀਤਾ ਗਿਆ। ਇਸ ਦਿਵਸ 'ਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਜੀਵਨੀ 'ਤੇ ਰੌਸ਼ਨੀ ਪਾਉਂਦਿਆਂ ਸਾਧ-ਸੰਗਤ ਪ੍ਰਤੀ ਸ਼ੁੱਭ ਉਪਦੇਸ਼ ਦਿੱਤੇ ਜੋ ਉਸ ਸਮੇਂ ਰੀਕਾਰਡ ਕੀਤੇ ਗਏ। ਇਸ ਸਮੇਂ ਇੰਦਰ ਦੇਵਤੇ ਨੇ ਵੀ ਹਾਜ਼ਰੀ ਭਰੀ। ਬਰਸਾਤ ਹੋਣ 'ਤੇ ਸਤਿਗੁਰੂ ਜੀ ਨੇ ਫੁਰਮਾਇਆ ਕਿ "ਇਹ ਸ਼ੁਭ ਦਿਨ ਸਫ਼ਲ ਹੋਇਆ ਹੈ।" ਗਰੀਬ-ਨਿਵਾਜ਼ ਦੀ ਹਜ਼ੂਰੀ ਵਿੱਚ ਮਾਈਆਂ ਬੀਬੀਆਂ ਨੇ 21-10-1955 ਨੂੰ ਅੰਮ੍ਰਿਤ ਵੇਲੇ 5 ਵਰਨੀਆਂ ਦੇਹ ਅਰੋਗਤਾ ਅਤੇ ਸੁਖਨਾ ਦੀਆਂ ਤੇ ਇੱਕ ਵਰਨੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਮਿਤ ਕੀਤੀ। ਇਸ ਦੌਰੇ ਸਮੇਂ 23-10-55 ਨੂੰ ਦੋ ਅਨੰਦ ਕਾਰਜ ਸੀ ਫੱਯਾ ਬੰਗਲੇ ਵਿਖੇ ਹੋਏ ਤੇ ਗਰੀਬ-ਨਿਵਾਜ਼ ਜੀ ਵਾਪਿਸ ਦੇਸ਼ ਹਜ਼ੂਰੀ ਜੱਥੇ ਤੇ ਸੇਵਕਾਂ ਸਹਿਤ ਬੰਕੋਕ ਤੋਂ 24-10-1955 ਨੂੰ B. O. A. C. ਦੇ ਹਵਾਈ ਜਹਾਜ਼ ਰਾਹੀ ਪਧਾਰੇ। ਇਸ ਪ੍ਰਕਾਰ ਇਹ ਦੌਰਾ ਭਲੀ ਪ੍ਰਕਾਰ ਯਾਦਾਂ ਭਰਿਆ ਸਫ਼ਲ ਸੰਪੂਰਨ ਹੋਇਆ।

ਆਉਂਦੇ ਸਾਲ 1956 ਦੀ ਬਸੰਤ ਮੇਲੇ ਦੀ ਅਰਜ਼ ਬੇਨਤੀ ਮਾਈਆਂ ਦੀ ਸੰਗਤ ਨੇ ਕੀਤੀ ਹੋਈ ਸੀ ਜਿਸਨੂੰ ਸਤਿਗੁਰੂ ਜੀ ਨੇ ਪ੍ਰਵਾਨਗੀ ਦਿੱਤੀ ਹੋਈ ਸੀ। ਉਸ ਲਈ ਸਾਧ-ਸੰਗਤ ਦੇ ਮਨ ਵਿੱਚ ਫਿਰ ਦਰਸ਼ਨਾਂ ਦਾ ਚਾਉ ਸੀ ਕਿਉਂਕਿ ਤਿੰਨ-ਚਾਰ ਮਹੀਨਿਆਂ ਤੱਕ ਫਿਰ ਦਰਸ਼ਨ ਹੋਣ ਦੀ ਆਸ ਸੀ। ਇਨ੍ਹਾਂ ਦਿਨਾਂ ਵਿੱਚ ਕਈ ਘਰਾਂ ਵਿੱਚ T. V. ਆ ਗਏ ਹੋਏ ਸਨ। ਪਿਛਲੇ ਦੌਰੇ ਸਮੇਂ ਇਸ ਬਾਰੇ ਆਪ ਨੇ ਉਪਦੇਸ਼ਾਂ ਵਿੱਚ ਬਚਨ ਵੀ ਕੀਤਾ ਸੀ। ਫ਼ਰਵਰੀ 1956 ਦੇ ਸ਼ੁਰੂ ਵਿੱਚ ਸੰਤ ਪਰਤਾਪ ਸਿੰਘ ਜੀ ਮਸਤਾਨਾ ਆਪਣੇ ਕਿਸੇ ਨਿੱਜੀ ਵਿਹਾਰ ਲਈ ਦੇਸ਼ ਗਏ ਸਨ ਤੇ ਉਨ੍ਹਾਂ ਨੂੰ ਹਵਾਈ ਜਹਾਜ਼ 'ਤੇ ਚੜ੍ਹਾਉਣ ਤੋਂ ਬਾਅਦ ਵਾਪਿਸ ਆਉਂਦਿਆਂ ਉਨ੍ਹਾਂ ਦੇ ਲੜਕੇ ਕਪੂਰ ਸਿੰਘ ਰਾਹੀਂ ਇੱਕ ਹਾਦਸਾ ਹੋ ਗਿਆ। ਉਨ੍ਹਾਂ ਦੀ ਮੋਟਰ ਥੱਲੇ ਇੱਕ ਥਾਈ ਸਰੀਰ ਆਉਣ ਕਾਰਨ ਉਹ ਚੜ੍ਹਾਈ ਕਰ ਗਿਆ ਤੇ ਬੜੀ ਮੁਸ਼ਕਿਲ ਰਾਤ ਨੂੰ 1-2 ਵਜੇ ਤੋਂ ਬਾਅਦ ਜ਼ਮਾਨਤ ਹੋਣ 'ਤੇ ਉਸਦੀ ਰਿਹਾਈ ਹੋਈ।

**18ਵਾਂ ਦੌਰਾ :**

ਉਨ੍ਹਾਂ ਦਿਨਾਂ ਵਿੱਚ ਸਤਿਗੁਰੂ ਜੀ ਦੇ ਦਰਸ਼ਨ ਨਮਿਤ ਰੋਜ਼ ਸਵੇਰੇ ਵਰਨੀ ਹੁੰਦੀ ਸੀ ਤੇ ਗਰੀਬ-ਨਿਵਾਜ਼ ਜੀ ਇਸ ਦੌਰੇ ਸਮੇਂ 4-2-1956 ਨੂੰ ਦਰਸ਼ਨ ਦਿੱਤੇ ਅਤੇ ਆਪ ਜੀ ਦੇ ਨਾਲ ਹਜ਼ੂਰੀ ਸੇਵਕ ਅਤੇ ਹਜ਼ੂਰੀ ਰਾਗੀ ਜਥਾ ਅਤੇ ਪੰ. ਗੋਪਾਲ ਸਿੰਘ ਜੀ ਵੀ ਨਾਲ ਆਏ ਸਨ। ਕਪੂਰ ਸਿੰਘ ਨੇ ਆਪਣੀ ਕਸ਼ਟ ਦੀ ਨਵਿਰਤੀ ਲਈ ਬੇਨਤੀ ਕੀਤੀ ਤਾਂ ਉਸ ਪਰਥਾਇ ਜੋ ਬਚਨ ਸ੍ਰੀ ਸਤਿਗੁਰੂ ਜੀ ਫੁਰਮਾਇਆ ਤਾਂ ਕੁਝ ਚਿਰ ਬਾਅਦ ਉਸ ਉਤੇ ਆਈ ਇਹ ਤਕਲੀਫ਼ ਦੂਰ ਹੋ ਗਈ ਸੀ ਤੇ ਇਸ ਬਾਰੇ 6-2-1956 ਦੇ ਉਪਦੇਸ਼ ਵਿੱਚ ਕੁਝ ਸ਼ਬਦ ਰਿਕਾਰਡ ਵੀ ਕੀਤੇ ਹੋਏ ਹਨ ਤੇ ਸੰਤ ਪਰਤਾਪ ਸਿੰਘ ਜੀ ਮਸਤਾਨਾ ਵੀ ਥੋੜੇ ਦਿਨਾਂ ਬਾਅਦ ਹੀ ਦੇਸ਼ ਤੋਂ ਵਾਪਿਸ ਆ

ਗਏ ਸਨ।

ਇਸ ਦੌਰੇ ਸਮੇਂ ਗਰੀਬ-ਨਿਵਾਜ਼ ਜੀ ਲੰਪਾਙ ਅਤੇ ਚੰਗਮਈ ਦੀ ਸੰਗਤ ਨੂੰ ਉੱਥੇ ਜਾ ਕੇ ਦਰਸ਼ਨ ਦਿੱਤੇ ਤੇ ਇਨ੍ਹਾਂ ਸਤਰਾਂ ਦਾ ਲੇਖਕ ਇਕਬਾਲ ਸਿੰਘ ਮਨਚੰਦਾ ਅਤੇ ਗੁਰਬਖਸ਼ ਸਿੰਘ 'ਹੰਸ' ਵੀ ਨਾਲ ਗਏ ਸਨ। ਲੰਪਾਙ ਪਹੁੰਚਦਿਆਂ ਹੀ ਇਹ ਖ਼ਬਰ ਮਿਲੀ ਕਿ ਗੰਗਾ ਸਿੰਘ ਨਰੂਲਾ (ਸੰਤ ਇੰਦਰ ਸਿੰਘ ਦਾ ਵੱਡਾ ਭਰਾ) ਚੰਗਮਈ ਵਿਖੇ ਸਖ਼ਤ ਬਿਮਾਰ ਹੈ ਤੇ ਸ੍ਰੀ ਹਜ਼ੂਰ ਦੇ ਦਰਸ਼ਨ ਦੀ ਮੰਗ ਕਰ ਰਿਹਾ ਹੈ। ਪਤਾ ਨਹੀਂ ਕਿਹੜੇ ਵੇਲੇ ਸਵਾਸ ਖ਼ਤਮ ਹੋ ਜਾਣ ਪਰ ਗਰੀਬ ਨਿਵਾਜ਼ ਜੀ ਹੁਕਮ ਕੀਤਾ ਕਿ ਬਣੇ ਪ੍ਰੋਗਰਾਮ ਅਨੁਸਾਰ ਭਲਕੇ ਉੱਥੇ ਪਹੁੰਚਣਾ ਹੈ। ਲੰਪਾਙ ਵਿਖੇ ਦੋ ਦੀਵਾਨ (ਇੱਕ ਉਸ ਦਿਨ ਸ਼ਾਮ ਅਤੇ ਦੂਜਾ ਦੂਸਰੇ ਦਿਨ ਸਵੇਰ ਦਾ) ਨਿਯਤ ਕੀਤੇ ਹੋਏ ਹਨ ਤੇ ਇਸੇ ਪ੍ਰਕਾਰ ਦੀਨ ਦਿਆਲ ਜੀ ਦੂਜੇ ਦਿਨ ਦੁਪਹਿਰ ਦੀ ਗੱਡੀ ਤੇ ਚੜ੍ਹਕੇ ਲੰਪਾਙ ਤੇ ਚੰਗਮਈ ਪਹੁੰਚੇ ਸਨ (ਨੋਟ:- ਉਨ੍ਹਾਂ ਦਿਨਾਂ ਵਿੱਚ ਲੰਪਾਙ ਤੋਂ ਚੰਗਮਈ ਜਾਣ ਵਾਲੀ ਸੜਕ ਕੋਈ ਨਹੀਂ ਸੀ, ਕੇਵਲ ਗੱਡੀ ਦੇ ਰਸਤੇ ਜਾਂਦਿਆਂ ਚਾਰ-ਸਾਢੇ ਚਾਰ ਘੰਟੇ ਸਮਾਂ ਲੱਗਦਾ ਸੀ)। ਸਟੇਸ਼ਨ 'ਤੇ ਉੱਤਰਦਿਆਂ ਹੀ ਕਾਰ ਵਿੱਚ ਬੈਠਕੇ ਸਿੱਧਾ ਗੰਗਾ ਸਿੰਘ ਨਰੂਲਾ ਨੂੰ ਦਰਸ਼ਨ ਦਿੱਤੇ, ਉਪਰੰਤ 10-15 ਮਿੰਟ ਬਾਅਦ ਹੀ ਆਪਣੀ ਸੰਸਾਰ ਯਾਤਰਾ ਪੂਰੀ ਕਰਕੇ 11- 2-1956 ਨੂੰ ਅਕਾਲ ਚਲਾਣਾ ਕਰ ਗਿਆ ਤੇ ਉਸਦੀ ਇਹ ਦਰਸ਼ਨ ਕਰਨ ਦੀ ਆਖ਼ਰੀ ਮੰਗ ਪੂਰੀ ਹੋਈ।

ਇਨ੍ਹਾਂ ਦਿਨਾਂ ਵਿੱਚ ਸ੍ਰੀ ਸਤਿਗੁਰੂ ਜੀ ਦੇ ਨਾਲ ਸੰਤ ਨਿਧਾਨ ਸਿੰਘ 'ਆਲਿਮ' ਵੀ ਆਏ ਸਨ। ਇਸ ਵਾਰੀ ਬਸੰਤ ਦਿਵਸ 15-2-1956 ਨੂੰ ਮਨਾਇਆ ਗਿਆ ਤੇ ਸੀ-ਫੱਯਾ ਬੰਗਲੇ ਵਿਖੇ ਅਨੰਦ ਕਾਰਜ ਵੀ ਹੋਏ। ਇਸ ਸਮੇਂ ਸੰਤ ਨਿਧਾਨ ਸਿੰਘ 'ਆਲਿਮ' ਨੇ ਹਵਨ ਅਤੇ ਆਨੰਦ ਦੀ ਮਰਿਆਦਾ 'ਤੇ ਰੌਸ਼ਨੀ ਪਾਈ। ਇਸ ਦਿਨ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸਥਾਨਕ ਕੀਰਤਨੀ ਜਥੇ ਨੇ ਵਾਰੇ ਦੇ ਰੂਪ ਵਿੱਚ ਕੀਤਾ। ਇਸ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਨਾਮਧਾਰੀ ਇਤਿਹਾਸ ਦਾ ਗ੍ਰੰਥ ਜੋ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ, ਉਹ ਟਾਈਪ ਕੀਤਾ ਹੋਇਆ ਸਹਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਸਨ, ਨਾਲ ਲਿਆਏ ਸਨ। ਇਸ ਵਿੱਚੋਂ ਕਥਾ ਤੋਂ ਪਹਿਲਾਂ ਰੋਜ਼ ਹੁਕਮਨਾਮੇ ਸੰਤ ਦਿਆਲ ਸਿੰਘ ਜੀ ਪੜ੍ਹ ਕੇ ਸੁਣਾਉਂਦੇ ਸਨ ਤੇ ਉਸ ਤੋਂ ਬਾਅਦ ਗਰੀਬ ਨਿਵਾਜ਼ ਉਪਦੇਸ਼ ਦਿੰਦੇ ਸਨ। ਇਸ ਪ੍ਰਕਾਰ ਇਸ ਦੌਰੇ ਦੀ ਸਮਾਪਤੀ ਕਰਕੇ ਸ੍ਰੀ ਸਤਿਗੁਰੂ ਜੀ ਸਹਿਤ ਹਜ਼ੂਰੀ ਜਥੇ ਤੇ ਸੇਵਕਾਂ ਦੇ ਵਾਪਿਸ ਦੇਸ਼ 18-2-1956 ਨੂੰ ਗਏ ਸਨ। ਸਾਧ-ਸੰਗਤ ਵਿੱਚ ਰੋਜ਼ ਦਾ ਨਿੱਤਨੇਮ ਅਤੇ ਮਿਥੇ ਦੀਵਾਨ ਇਸੇ ਤਰ੍ਹਾਂ ਲੱਗਦੇ ਰਹੇ ਪਰ ਇਨ੍ਹਾਂ ਦਿਨਾਂ ਵਿੱਚ ਸੰਤ ਦਿਆਲ ਸਿੰਘ ਦੇ ਖ਼ਿਲਾਫ਼ ਚਰਚਾ ਛਿੜੀ ਕਿ ਉਸਦਾ ਸੰਬੰਧ ਇੱਕ ਬੀਬੀ ਨਾਲ ਜੁੜ ਰਿਹਾ ਜੋ ਕਿ ਪਹਿਲਾਂ ਕਈ ਸਾਲਾਂ ਤੋਂ ਸ਼ਾਦੀ-ਸ਼ੁਦਾ ਸੀ ਤੇ ਇਸਦੇ ਘਰ ਸੰਤਾਨ ਵੀ ਸੀ। ਇਸਦਾ ਆਪਣੇ ਪਤੀ ਨਾਲ ਅਜੋੜ ਹੋਣ 'ਤੇ ਬਹੁਤ ਸਾਲਾਂ ਤੋਂ ਵੱਖ-ਵੱਖ ਰਹਿੰਦੇ ਸਨ। ਸ੍ਰੀ ਸਤਿਗੁਰੂ ਜੀ ਨੇ ਵੀ ਇਨ੍ਹਾਂ ਨੂੰ ਜੋੜਣ ਦੀ ਕੋਸ਼ਿਸ਼ ਕੀਤੀ ਸੀ ਪਰ ਲੜਕੇ ਨੇ ਇਸਨੂੰ ਘਰ ਵਸਾਉਣ ਤੋਂ ਇਨਕਾਰ ਕਰ ਦਿੱਤਾ ਸੀ।

ਇਨ੍ਹਾਂ ਦਿਨਾਂ ਵਿੱਚ ਸੰਤ ਦਿਆਲ ਸਿੰਘ ਆਪਣੇ ਚਾਚੇ ਦੇ ਘਰ ਦੁਪਹਿਰ ਦਾ ਪਰਸ਼ਾਦਾ ਰੋਜ਼ ਛਕਦਾ ਸੀ ਤੇ ਚਰਚਾ ਬਹੁਤੀ ਹੋਣ ਕਰਕੇ ਤੇ ਕੁਝ ਲੜਕੀ ਦੇ ਦੂਰੋਂ ਰਿਸ਼ਤੇਦਾਰਾਂ ਦੀ ਖ਼ਿਲਾਫ਼ਤ ਹੋਣ ਕਰਕੇ ਸੰਤ ਦਿਆਲ ਸਿੰਘ ਨੇ ਧਰਮਸ਼ਾਲਾ ਜਾਣਾ ਛੱਡ ਦਿੱਤਾ ਤੇ ਸੰਤ ਕਿਰਪਾਲ ਸਿੰਘ ਮਨਚੰਦਾ ਨੇ ਧਰਮਸ਼ਾਲਾ ਜ਼ਰੂਰ ਜਾਣਾ ਪਰ ਉੱਥੇ ਜਾ ਕੇ ਵਾਜਾ ਵਜਾਉਣਾ ਛੱਡ ਦਿੱਤਾ ਕਿਉਂਕਿ ਕੀਰਤਨ ਕਰਨ ਵਾਲੇ ਚੋਖੇ ਵਿੱਚੋਂ ਵਿੱਚ ਇਸ ਦੇ ਬਰਖ਼ਿਲਾਫ਼ ਸਨ ਕਿ ਸੰਤ ਦਿਆਲ ਸਿੰਘ ਰੋਜ਼ ਇਹਨਾਂ ਦੇ ਘਰ ਆਉਂਦਾ ਤੇ ਪਰਸ਼ਾਦਾ ਛਕਦਾ ਸੀ। ਉਸ ਸਮੇਂ ਕੀਰਤਨ ਸਮੇਂ ਹਰਮੋਨੀਅਮ ਸੰਤ ਗੁਰਬਖਸ਼ ਸਿੰਘ ਵਜਾਉਂਦਾ ਤੇ ਢੋਲਕ ਦਾ ਸਾਥ ਕਪੂਰ ਸਿੰਘ ਗੋਰੋਵਾੜਾ ਕਰਦਾ ਤੇ ਇਸ ਸਮੇਂ ਇਹ ਵੀ ਡਰ ਪੈ ਰਿਹਾ ਸੀ ਕਿ ਕਈ ਸਰੀਰ ਇਕੱਠੇ ਹੋ ਕੇ ਸੰਤ ਦਿਆਲ ਸਿੰਘ ਦੀ ਮਾਰਕੁਟਾਈ ਨਾ ਕਰਨ ਪਰ ਉਸਨੇ ਇਸਦਾ ਪਹਿਲਾਂ ਹੀ ਬੰਦੋਬਸਤ ਕਰ ਰੱਖਿਆ ਸੀ ਤੇ ਇਕੱਲੇ-ਦੁਕੱਲੇ ਲਈ ਉਸਦਾ ਆਪਣਾ ਸਰੀਰ ਬੜਾ ਤਕੜਾ ਸੀ।

ਕਾਫੀ ਸਮਾਂ ਲੰਘ ਗਿਆ ਜਦ ਫੇਰ ਸ੍ਰੀ ਸਤਿਗੁਰੂ ਜੀ ਨੇ ਸੇਠ ਤਰਲੋਕ ਸਿੰਘ ਦੀ ਅਰਜ਼ ਨੂੰ ਪ੍ਰਵਾਨ ਕਰਦਿਆਂ 11 ਅਕਤੂਬਰ 1956 ਨੂੰ ਦਰਸ਼ਨ ਦਿੱਤੇ। ਇਹ ਮਾਮਲਾ ਫੇਰ ਸਤਿਗੁਰੂ ਜੀ ਦੀ ਮੇਹਰ ਨਿਗਾਹ ਹੇਠ ਆਇਆ ਤਾਂ ਉਨ੍ਹਾਂ ਸਭ ਨੂੰ ਝਾੜਿਆ ਤੇ ਹੁਕਮ ਕੀਤਾ ਕਿ ਤੁਸੀਂ ਇਸ ਵਿਚ ਐਵੇਂ ਦਖ਼ਲ ਦੇ ਰਹੇ ਹੋ ਜਦ ਕਿ ਲੜਕੀ ਦਾ ਪਤੀ ਉਸਨੂੰ ਘਰ ਵਸਾਉਣ ਲਈ ਤਿਆਰ ਨਹੀਂ ਹੈ। ਸੋ ਫਿਰ ਉਸ ਤੋਂ ਬਾਅਦ ਸੰਤ ਦਿਆਲ ਸਿੰਘ ਨੇ ਉਸ ਬੀਬੀ ਦੇ ਨਾਲ ਅਰਦਾਸਾ ਕਰਾ ਲਿਆ ਜਿਸ ਵਿੱਚ ਲੜਕੀ ਦਾ ਆਪਣਾ ਭਰਾ ਪੂਰਾ ਰਜ਼ਾਮੰਦ ਸੀ ਤੇ ਅੱਜ ਇਹ ਪਰਿਵਾਰ ਰਾਜ਼ੀ-ਖੁਸ਼ੀ ਪ੍ਰਫੁੱਲਿਤ ਹੋ ਕੇ ਬੰਕੋਕ ਤੋਂ 25 ਮੀਲ ਦੀ ਦੂਰੀ 'ਤੇ ਪਾਕਨੰਮ ਵਿਖੇ ਰਹਿ ਰਿਹਾ ਸਤਿਗੁਰੂ ਜੀ ਦਾ ਚਰਨ ਸੇਵਕ ਹੈ।

**ਚੱਲਦਾ......**

# ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

## 4

ਇਕ ਦਿਨ ਉਹ ਭਗਵਾਨ ਸਿੰਘ ਅੜਬੰਗੀ, ਜੋ ਇਸ਼ਤਿਹਾਰੀ ਮੁਜਰਿਮ ਸੀ, ਦਰਸ਼ਨ ਕਰਨ ਆਇਆ। ਇਹ ਤੇ ਖੁਦਾ ਜਾਣੇ ਕਿ ਇਸ ਕਦੀ ਡਾਕਾ ਮਾਰਿਆ ਵੀ ਸੀ ਕਿ ਨਹੀਂ ਪਰ ਸਾਡੀ ਪੁਲਿਸ ਕਈ ਡਾਕਿਆਂ ਵਿਚ ਇਸ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਵਿਚ ਸੀ।

ਗੇਂਦੇ ਸਾਰਜੰਟ ਨੂੰ ਪਤਾ ਨਹੀਂ ਕਿਸ ਆਣ ਦੱਸਿਆ ਕਿ ਅੱਜ 'ਭਗਵਾਨ ਸਿੰਘ ਅੜਬੰਗੀ ਇਥੋਂ ਹੋ ਕੇ ਕੋਟ ਪਿੰਡ ਵੱਲ ਨੂੰ ਜਾ ਰਿਹਾ ਹੈ।

ਗੇਂਦੇ ਦੇ ਮੂੰਹ ਲਹੂ ਤਾਂ ਪਹਿਲਾਂ ਹੀ ਕਾਫ਼ੀ ਲੱਗ ਚੁੱਕਾ ਸੀ ਪਰ ਇਹ ਗੱਲ ਸੁਣ ਕੇ ਤਾਂ ਉਸ ਦੀਆਂ ਵਾਛਾਂ ਖਿਲ ਗਈਆਂ ਅਤੇ ਉਹ ਤਿਆਰ ਹੋ ਕੇ ਅੜਬੰਗੀ ਦੇ ਮਗਰ ਹੋ ਤੁਰਿਆ, ਨਾਲ ਦੇ ਸਿਪਾਹੀਆਂ ਵਰਜਦਿਆਂ ਕਿਹਾ ਸੀ ਕਿ ਖਾਨ ਸਾਹਿਬ ਇਕੱਲੇ ਨਾ ਜਾਓ, ਕਿਸੇ ਸਿਪਾਹੀ ਨੂੰ ਨਾਲ ਲੈ ਲਓ। ਇਹ ਸੁਣ ਕੇ ਉਸ ਬੜੇ ਗਰੂਰ ਵਿਚ ਆ ਕੇ ਕਿਹਾ ਕਿ "ਤੁਸੀਂ ਮੈਨੂੰ ਏਡਾ ਹੀ ਨਕਾਰਾ ਤੇ ਕਮਜ਼ੋਰ ਸਮਝ ਰਹੇ ਹੋ। ਇਸ ਦੀ ਤੇ ਗੱਲ ਛੱਡੋ ਮੈਂ ਤੇ ਇਹੋ ਜਿਹੇ ਚੌਂਹ ਚੌਂਹ ਸਿਖੜਿਆਂ ਨੂੰ ਭੜਾ ਕੇ ਮਾਰ ਸਕਦਾ ਹਾਂ।"

ਇਹ ਉਸ ਦੀ ਸਰਾਸਰ ਹਿਮਾਕਤ ਸੀ। ਉਹ ਨਾਲ ਕਿਸੇ ਦੂਜੇ ਸਿਪਾਹੀ ਨੂੰ ਇਸ ਲਈ ਨਹੀਂ ਸੀ ਲਿਜਾਣਾ ਚਾਹੁੰਦਾ ਕਿ ਇਕ ਤੇ ਇਹ ਮੈਨੂੰ ਡਰਾਕਲ ਤੇ ਕਮਜ਼ੋਰ ਸਮਝਣਗੇ ਅਤੇ ਦੂਜੀ ਲੁੱਟ ਦੇ ਮਾਲ ਵਿਚੋਂ ਹਿੱਸਾ ਵੀ ਵੰਡਾਉਣਗੇ। ਉਹ ਇਕੱਲਾ ਹੀ ਆਪਣਾ ਡੰਡਾ ਜਿਹਾ ਨਾਲ ਲੈ ਕੇ, ਜਿਸ ਤੇ ਇਸ ਨੂੰ ਬਹੁਤ ਮਾਣ ਸੀ, ਅੜਬੰਗੀ ਦੇ ਮਗਰ ਉਠ ਨੱਸਾ ਅਤੇ ਨੇੜੇ ਜਾ ਕੇ ਲਲਕਾਰਾ ਮਾਰ ਕੇ ਆਖਣ ਲੱਗਾ, "ਕਾਫਰਾ ਸਿਖੜਿਆ, ਜਾਂਦਾ ਕਿੱਥੇ ਹੈਂ, ਜ਼ਰਾ ਖਲੋ ਕੇ ਮੁਕਾਬਲਾ ਤੇ ਕਰ ਕੇ ਵੇਖ ? ਫਿਰ ਪਤਾ ਲੱਗੇਗਾ ਕਿ ਕੀ ਭਾ ਪੈਂਦੀ ਹੈ ਅਤੇ ਮੈਂ ਤੇਰੀ ਕਿਵੇਂ ਮਿੱਝ ਕੱਢਦਾ ਹਾਂ।"

ਅੜਬੰਗੀ ਦੀ ਮਰਜ਼ੀ ਨਹੀਂ ਸੀ ਕਿ ਮੁਕਾਬਲਾ ਹੋਵੇ ਤੇ ਗੱਲ ਵਧੇ, ਉਹ ਅਜਿਹੇ ਫਜ਼ੂਲ ਝਗੜੇ ਫ਼ਸਾਦਾਂ ਤੋਂ ਬਹੁਤ ਹੀ ਬਚ ਕੇ ਰਹਿਣਾ ਚਾਹੁੰਦਾ ਸੀ। ਜਦੋਂ ਦਾ ਉਹ ਗੁਰੂ ਦੀ ਸ਼ਰਨ ਵਿਚ ਆਇਆ ਸੀ, ਹਿੰਸਾ ਜਿਹੇ ਬੇਲੱਜ਼ਤ ਗੁਨਾਹ ਤੋਂ ਉਹ ਬਹੁਤ ਹੀ ਡਰਦਾ ਸੀ। ਉਹ ਆਪਣੇ ਮੁਰਸ਼ਦ ਦੀ ਜ਼ਿਆਰਤ ਕਰਨ ਅਤੇ ਉਸ ਗੁਰੂ ਗੱਦੀ ਤੇ ਕਿਸੇ ਨੂੰ ਬੈਠਿਆਂ ਤੱਕ ਅੱਖੀਆਂ ਠੰਢੀਆਂ ਕਰਨ ਹੀ ਆਇਆ ਸੀ। ਉਹ ਵੇਖਣ ਆਇਆ ਸੀ ਕਿ ਹੁਣ ਉਸ ਗੁਰ ਅਸਥਾਨ ਦੀ ਕੀ ਹਾਲਤ ਹੈ, ਜਿਸ ਨੂੰ ਸਾਡੀ ਸਰਕਾਰ ਲੁੱਟ ਪੁੱਟ, ਖ਼ਾਲੀ ਕਰ ਕੇ ਬੇ-ਫ਼ਿਕਰ ਹੋਈ ਬੈਠੀ ਸੀ। ਉਸ ਨੂੰ ਹੁਣ ਉਸ ਗੱਦੀ ਤੇ, ਉਸ ਦੇ ਨਿੱਕੇ ਭਰਾ ਨੂੰ, ਉਸ ਨਾਲੋਂ ਵੀ ਬਾਹਲੇ ਰੂਹਾਨੀਅਤ ਭਰੇ ਜਲਾਲ ਨਾਲ ਬੈਠਾ ਤੱਕ ਪ੍ਰਸੰਨਤਾ ਅਤੇ ਤਸੱਲੀ ਸੀ ਕਿ "ਹੁਣ ਕੂਕਾ ਪੰਥ ਅਮਰ ਹੈ ਅਤੇ ਸਦਾ ਕਾਇਮ ਦਾਇਮ ਰਹੇਗਾ, ਕਿਉਂਕਿ ਇਸ ਦੀਆਂ ਜੜ੍ਹਾਂ ਹਰੀਆਂ ਰੱਖਣ ਲਈ ਆਪ 'ਹਥੀਂ ਸਬਰ, ਸ਼ਾਂਤੀ ਅਤੇ ਅਹਿੰਸਾ ਦਾ ਰੂਪ ਧਾਰੀ ਬੈਠਾ ਹੈ।

ਹੁਣ ਅੜਬੰਗੀ, ਬਾਕੀ ਦੀ ਜ਼ਿੰਦਗੀ ਅਰਾਮ ਤੇ ਚੈਨ ਨਾਲ ਰੱਬ ਦੀ ਭਗਤੀ ਵਿਚ ਬਿਤਾਉਣਾ ਚਾਹੁੰਦਾ ਸੀ। ਉਹ ਭਗਵੇ ਸੰਤ ਵੇਸ ਵਿਚ, ਬੱਪੀਆਣਾ, ਗਦੋਂ ਡੋਬ, ਘੁੱਦ, ਆਦਮ ਵਾਲਾ ਆਦਿ ਪਿੰਡਾਂ ਤੋਂ ਬਾਹਰ ਉਜਾੜ ਰੋਹੀ ਵਿਚ ਹੀ ਰਿਹਾ ਕਰਦਾ ਸੀ, ਜਿਥੇ ਇਸ ਕੋਲ ਕਈ ਦੀਨ ਦੁਖੀਏ, ਰੋਗੀ, ਹਕੂਮਤ ਦੇ ਸਤਾਏ ਹੋਏ ਟਿਕੇ ਰਹਿੰਦੇ ਸਨ, ਜਿਨ੍ਹਾਂ ਦੀ ਇਹ ਵੱਸ ਲਗਦੇ ਪੂਰੀ ਮਦਦ ਕਰਦਾ ਸੀ। ਇਸ ਲਈ ਉਸ ਗੇਂਦੇ ਦੀ ਗੱਲ ਸੁਣ ਕੇ ਬੜੇ ਠਰੰਮ੍ਹੇ ਨਾਲ ਕਿਹਾ, "ਖ਼ਾਨ ਸਾਹਿਬ, ਮੇਰੇ ਗਰੀਬ ਤੋਂ ਤੁਸੀਂ ਕੀ ਲੈਣਾ ਹੈ, ਮੈਂ ਆਪਣੇ ਗੁਰੂ ਦੇ ਦਰਸ਼ਨ ਕਰਨ ਆਇਆ ਸਾਂ ਅਤੇ ਦਰਸ਼ਨ ਕਰ ਕੇ ਤੁਰ ਚਲਿਆ ਹਾਂ, ਹੋਰ ਮੇਰਾ ਕੋਈ ਵੀ ਕੰਮ ਨਹੀਂ। ਐਹ ਲਓ ਦਸ ਰੁਪਈਏ, ਜਾਓ ਜਾ ਕੇ ਆਰਾਮ ਕਰੋ ।"

ਗੇਂਦੇ ਰੁਪਈਏ ਤਾਂ ਲੈ ਲਏ ਅਤੇ ਫਿਰ ਲਲਕਾਰਾ ਮਾਰ ਕੇ ਕਿਹਾ, "ਮੈਂ ਇਨ੍ਹਾਂ ਚਕਮਿਆਂ ਵਿਚ ਆਉਣ ਵਾਲਾ ਨਹੀਂ, ਮੈਂ ਤੇ ਤੈਨੂੰ ਗ੍ਰਿਫ਼ਤਾਰ ਕਰ ਕੇ ਫਾਂਸੀ ਦੇ ਤਖ਼ਤੇ ਤੇ ਲਟਕਦਿਆਂ ਵੇਖ ਕੇ ਅੱਖਾਂ ਠੰਢੀਆਂ ਕਰਨੀਆਂ ਚਾਹੁੰਦਾ ਹਾਂ, ਹੋਰ ਮੇਰਾ ਕੋਈ ਮਕਸਦ ਨਹੀਂ। ਇਸ ਲਈ ਹੁਣ ਕਾਇਰਾਂ ਵਾਂਗ ਨਾ ਨੱਸ, ਖਲੋ ਕੇ, ਮਰਦੇ ਮੈਦਾਨ ਬਣ ਕੇ ਦੋ ਹੱਥ ਦੱਸ .. ਅੜਬੰਗੀ ਨਾਲੇ ਗੱਲਾਂ ਦਾ ਜਵਾਬ ਦੇਈ ਜਾ ਰਿਹਾ ਸੀ ਨਾਲੇ ਵਾਹੋ ਦਾਹੀ ਨੱਸੀ ਜਾ ਰਿਹਾ ਸੀ। ਗੇਂਦੇ ਦੀ ਇਹ ਹੰਕਾਰ ਭਰੀ ਗੱਲ ਸੁਣ ਕੇ ਵੀ ਉਹ ਸ਼ਾਂਤ ਹੀ ਰਿਹਾ ਸਗੋਂ ਆਪਣੀ ਕੀਮਤੀ ਕਸ਼ਮੀਰੀ ਲੋਈ ਦੇ ਕੇ ਆਖਣ ਲੱਗਾ, "ਖਾਂ ਸਾਹਿਬ ! ਐਹ ਲੋਈ ਲਓ ਤੇ ਮੁੜ ਜਾਓ, ਫ਼ਕੀਰਾਂ ਨੂੰ ਨਾ-ਹੱਕ ਤੰਗ ਕਰ ਕੇ ਕੋਈ ਵੀ ਸੁਖੀ ਨਹੀਂ ਰਿਹਾ।

ਗੇਂਦਾ ਸਮਝਦਾ ਸੀ ਕਿ ਇਹ ਮੇਰੇ ਤੋਂ ਡਰਦਾ, ਵੱਢੀ ਦੇ ਕੇ ਮੋੜਨਾ ਚਾਹੁੰਦਾ ਹੈ, ਪਰ ਅੜਬੰਗੀ ਸ਼ਾਇਦ ਇਹ ਚਾਹੁੰਦਾ ਸੀ ਕਿ ਕਿਵੇਂ ਨਾ ਕਿਵੇਂ ਇਹ ਭੈਣੀ ਦੀ ਹਦੂਦ ਤੋਂ ਪਾਰ

ਹੋ ਕੇ, ਗੰਗੂ ਰਾਇ ਦੇ ਕੋਟ ਦੀ ਹੱਦ ਵਿਚ ਆ ਵੜੇ। ਦੋਵੇਂ ਹੁਣ ਭੈਣੀ ਦੀ ਹੱਦ ਟੱਪ ਕੇ ਕੋਟ ਦੀ ਹੱਦ ਵਿਚ ਜਾ ਵੜੇ ਸਨ। ਅੜਬੰਗੀ ਨੇ ਫਿਰ ਵੀ ਹਲੀਮੀ ਨਾਲ ਹੀ ਕਿਹਾ, "ਖ਼ਾਨ ਸਾਹਿਬ, ਕਿਉਂ ਜ਼ਿਦ ਵਿਚ ਤੇ ਲਾਲਚ ਵਿਚ ਆ ਕੇ ਜਾਨ ਗੁਆ ਰਹੇ ਹੋ, ਅਜੇ ਵੀ ਕੁਝ ਨਹੀਂ ਵਿਗੜਿਆ, ਵਾਪਸ ਮੁੜ ਜਾਓ। ਮੈਂ ਚੋਰ ਨਹੀਂ, ਨਾ ਹੀ ਡਕੈਤ ਹਾਂ, ਗੁਰੂ ਦਾ ਸਿੱਖ ਹਾਂ। ਦਰਸ਼ਨ ਕਰਨ ਆਇਆ ਸਾਂ, ਨਹੀਂ ਕਰਨ ਦੇਂਦੇ, ਜਾਂਦਾ ਪਿਆ ਹਾਂ, ਐਵੇਂ ਫਜ਼ੂਲ ਕਿਉਂ ਮਗਰ ਪੈ ਰਹੇ ਜੇ ? ਪਰ ਕੋਟ ਦੀ ਹੱਦ ਵਿਚ ਪੈਰ ਧਰਦਿਆਂ ਹੀ ਅੜਬੰਗੀ ਦੀ ਚਾਲ ਵਿਚ ਪਤਾ ਨਹੀਂ ਕਿਉਂ ਫਰਕ ਪੈ ਗਿਆ ਸੀ। ਗੇਂਦੇ ਦੀ ਇਹ ਬਹੁਤ ਵੱਡੀ ਬੇਵਕੂਫੀ ਤੇ ਹਿਮਾਕਤ ਸੀ ਜੋ ਉਹ ਅੜਬੰਗੀ ਦੇ ਮਗਰ ਇਥੋਂ ਤੀਕ ਗਿਆ ਸੀ ਕਿਉਂਕਿ ਸਾਡੀ ਚੌਂਕੀ ਦੇ ਕਿਸੇ ਵੀ ਸਿਪਾਹੀ ਨੂੰ ਗੁਰਦੁਆਰੇ ਦੇ ਬੂਹੇ ਤੋਂ ਖ਼ਾਸ ਕਰ ਕੇ ਅਤੇ ਭੈਣੀ ਦੀ ਹਦੂਦ ਤੋਂ ਆਮ ਕਰ ਕੇ ਬਾਹਰ ਪੈਰ ਧਰਨ ਦੀ ਇਜਾਜ਼ਤ ਨਹੀਂ ਸੀ।

ਪਤਾ ਨਹੀਂ ਇਹ ਅੜਬੰਗੀ ਦੀ ਆਪਣੀ ਵਾਕਫ਼ੀਅਤ ਸੀ ਜਾਂ ਉਸ ਦੇ ਗੁਰੂ ਦੀ ਕੋਈ ਉਸ ਨੂੰ ਬਖ਼ਸ਼ੀ ਸੂਝ ਬੂਝ ਸੀ ਜਿਸ ਤੋਂ ਉਸ ਨੂੰ ਇਹ ਪਤਾ ਸੀ ਕਿ ਭੈਣੀ ਦੀ ਹਦੂਦ ਤੋਂ ਬਾਹਰ ਹੋਈ ਕੋਈ ਵੀ ਵਾਰਦਾਤ, ਓਨੀ ਸੰਗੀਨ ਨਹੀਂ ਸੀ ਰਹਿ ਸਕਦੀ ਜਿੰਨੀ ਇਸ ਹਦੂਦ ਦੇ ਅੰਦਰ । ਇਸੇ ਗੱਲ ਨੇ ਉਸ ਦਾ ਅੱਗੇ ਜਾ ਕੇ ਵਾਲ ਨਾ ਵਿੰਗਾ ਹੋਣ ਦਿੱਤਾ ਅਰ ਗੇਂਦੇ ਦੀ ਮੌਤ ਦਾ ਕੁੱਤੇ ਜਿੰਨਾ ਵੀ ਮੁੱਲ ਨਾ ਪਿਆ।

ਉਹ ਕੋਟ ਦੀ ਢੱਕੀ ਵਿਚ ਜਾ ਕੇ ਖੜੋ ਗਿਆ ਅਤੇ ਗੇਂਦੇ ਨੂੰ ਆਖਣ ਲੱਗਾ ਕਿ "ਖ਼ਾਨ। ਅਜੇ ਵੀ ਕੁਝ ਨਹੀਂ ਵਿਗੜਿਆ, ਜਾ ਮੁੜ ਜਾਹ, ਮੈਨੂੰ ਤੇਰੇ ਤੇ ਤਰਸ ਆਉਂਦਾ ਹੈ। ਮੈਂ ਨਹੀਂ ਚਾਹੁੰਦਾ ਕਿ ਮੇਰੇ ਚੀਨੀ ਵਾਲੇ ਪਾਤਸ਼ਾਹ ਦੀ ਪਵਿਤ੍ਰ ਦਾਤ ਮਾਲਾ ਫੇਰਨ ਵਾਲੇ ਹੱਥ, ਤੇਰੇ ਜਿਹੇ ਨਿਪਟ ਹਰਾਮਖੋਰ ਦੇ ਖ਼ੂਨ ਨਾਲ ਭਰਾਂ। ਮੈਨੂੰ ਡਰ ਹੈ ਕਿ ਤੇਰੇ ਜਿਹੇ ਬੇਈਮਾਨ ਤੇ ਨੀਚ ਦਾ ਖ਼ੂਨ ਮੇਰੇ ਨਿਰਵੈਰ, ਅਹਿੰਸਕ, ਸ਼ਾਂਤ ਮੂਰਤਿ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਕਿਸੇ ਮੁਸ਼ਕਲ ਵਿਚ ਨਾ ਫਸਾ ਦੇਵੇ। ਨਹੀਂ ਤਾਂ ਮੈਨੂੰ ਚਾਹੀਦਾ ਸੀ ਕਿ ਤੇਰੇ ਪਾਪ ਦਾ ਫਲ, ਅੱਜ ਤੋਂ ਬਹੁਤ ਚਿਰ ਪਹਿਲਾਂ ਹੀ ਤੈਨੂੰ ਭੁਗਤਾ ਛੱਡਦਾ।

ਗੇਂਦਾ ਇਹ ਸੁਣ ਲੋਹਾ ਲਾਖਾ ਹੋ ਕੇ ਆਖਣ ਲੱਗਾ, "ਸਿਖੜਿਆ। ਗੱਲਾਂ ਨਾ ਬਣਾ, ਹੁਣ ਖੁਦਾ ਨੂੰ ਯਾਦ ਕਰ, ਤੇਰੀ ਮੌਤ ਤੈਨੂੰ ਏਥੇ ਚੁਕ ਲਿਆਈ ਹੈ। ਮੈਂ ਤੇਰੇ ਜਹਿਆਂ ਚੌਹ ਚੌਹ ਨੂੰ ਭਿੜਾ ਕੇ ਮਾਰ ਸਕਦਾ ਹਾਂ। ਯਾਦ ਰੱਖ, ਜਿਵੇਂ ਅੱਗੇ ਤੁਹਾਡੇ ਗੁਰੂ ਨੂੰ ਕਾਲੇ ਪਾਣੀ ਭੇਜਿਆ ਹੈ ਤਿਵੇਂ ਜੇ ਇਸ ਨੂੰ ਵੀ ਉਸ ਦੇ ਕੋਲ ਨਾ ਪੁਚਾਇਆ ਤਾਂ ਸਾਨੂੰ ਕਿਸ ਕਹਿਣਾ ਹੈ ?

ਅੜਬੰਗੀ ਨੇ ਕਿਹਾ, "ਚੰਗਾ ਹੁਣ ਤੂੰ ਬਹੁਤ ਵਧ ਗਿਆ ਹੈਂ। ਮੈਨੂੰ ਜੋ ਜੀ ਚਾਹੇ ਆਖੀ ਜਾਂਦਾ, ਇਸ ਦਾ ਮੈਨੂੰ ਕੋਈ ਵੀ ਗੁੱਸਾ ਗਿਲਾ ਨਹੀਂ ਸੀ, ਪਰ ਮੈਂ ਆਪਣੇ ਪਾਤਸ਼ਾਹ ਗੁਰੂਦੇਵ ਦੀ ਸ਼ਾਨ ਵਿਚ ਕੋਈ ਵੀ ਬੇਅਦਬ ਲਫ਼ਜ਼ ਬਰਦਾਸ਼ਤ ਨਹੀਂ ਕਰ ਸਕਦਾ। ਹੁਣ ਤੂੰ ਜਿਸ ਖੁਦਾ, ਪੈਗੰਬਰ, ਮੁਰਸ਼ਦ ਨੂੰ ਯਾਦ ਕਰਨਾ ਚਾਹੁੰਦਾ ਹੈਂ ਕਰ ਲੈ, ਨਿਮਾਜ਼-ਕਲਮਾ ਪੜ੍ਹ ਕੇ ਆਪਣੇ ਗੁਨਾਹਾਂ ਦੀ ਤਲਾਸ਼ੀ ਲਈ ਮਾਫ਼ੀ ਮੰਗ ਲੈ। ਤੇਰੀ ਮੌਤ ਮੇਰੇ ਹੱਥੋਂ ਹੀ ਲਿਖੀ ਹੋਈ ਸੀ। ਇਸ ਲਈ ਤਕੜਾ ਹੋ ਤੇ ਵਾਰ ਕਰ। ਫਿਰ ਨਾ ਕਹੀਂ ਮੈਨੂੰ ਕੋਈ ਮੌਕਾ ਨਹੀਂ ਮਿਲਿਆ ਅਤੇ ਮੈਂ ਅਭੋਲ ਹੀ ਮਾਰਿਆ ਗਿਆ।

ਗੇਂਦੇ ਨੇ ਪੂਰੇ ਜ਼ੋਰ ਨਾਲ ਵਾਰ ਕੀਤਾ ਪਰ ਸਿੰਘ ਨੇ ਆਪਣਾ ਖੂੰਡਾ ਅੱਗੇ ਕਰ ਦਿੱਤਾ। ਅਰ ਕਿਹਾ, "ਤਕੜਾ ਹੈ, ਦੂਜਾ ਵਾਰ ਵੀ ਕਰ ਲੈ।

ਗੇਂਦੇ ਫਿਰ ਪੂਰੇ ਜ਼ੋਰ ਨਾਲ ਅੱਡੀਆਂ ਉਲਾਰ, ਪੱਬਾਂ ਪਰਨੇ ਹੋ ਕੇ ਪੂਰੀ ਹਿੰਮਤ ਜੋੜ ਕੇ ਦੂਜਾ ਵਾਰ ਕੀਤਾ, ਪਰ ਸਿੰਘ ਨੇ ਪੈਂਤੜਾ ਬਦਲ ਕੇ ਉਹ ਵੀ ਨਿਕੰਮਾ ਕਰ ਦਿੱਤਾ। ਫਿਰ ਵੀ ਧੀਰਜ ਨਾਲ ਕਿਹਾ, "ਖ਼ਾਨ ਸਾਹਿਬ ! ਤੇਰੀ ਤਾਕਤ ਦਾ ਪਤਾ ਮੈਨੂੰ ਲਗ ਗਿਆ ਹੈ ਅਤੇ ਤੈਨੂੰ ਵੀ ਮੇਰੀ ਸ਼ਕਤੀ ਜਚ ਗਈ ਹੋਵੇਗੀ। ਅਜੇ ਵੀ ਵਕਤ ਹੈ, ਵਾਪਸ ਮੁੜ ਜਾਓ। ਫ਼ਕੀਰਾਂ ਨੂੰ ਤੰਗ ਕਰਕੇ ਕੀ ਲੈਣਾ ਹੈ, ਜਾਓ, ਨਾ ਦੁਖੀ ਕਰੋ ਰੱਬ ਦੇ ਬੰਦਿਆਂ ਨੂੰ।"

ਪਰ ਗੇਂਦੇ ਫਿਰ ਵੀ ਹੈਂਕੜ ਨਾਲ ਕਿਹਾ, "ਕਾਫਰ ਸਿਖੜਿਆ, ਕੀ ਹੋਇਆ ਜੇ ਮੇਰੇ ਦੋਵੇਂ ਵਾਰ ਤੋਂ ਝੱਲ ਲਏ ਹਨ, ਅਜੇ ਕੁਝ ਨਹੀਂ ਹੋਇਆ। ਮੈਂ ਹੁਣੇ ਤੇਰੀ ਜਾਨ ਕੱਢ ਕੇ, ਮੂਤਰ ਨਾਲ ਇਹ ਤੇਰੀ ਦਾਹੜੀ ਮੁੰਨ ਕੇ, ਸਰਕਾਰ ਤੋਂ ਇਨਾਮ ਨਾ ਲਿਆ ਤਾਂ ਮੈਨੂੰ ਕਿਸ ਗੇਂਦੇ ਖਾਂ ਕਹਿਣਾ ਏ, ਗੱਲਾਂ ਨਾ ਬਣਾ, ਵਾਰ ਕਰ ??

ਭਗਵਾਨ ਸਿੰਘ ਨੇ ਕਿਹਾ, "ਚੰਗਾ ਫਿਰ ਜੇ ਤੂੰ ਨਹੀਂ ਬਚਣਾ ਚਾਹੁੰਦਾ ਤੇ ਬਦੋ ਬਦੀ ਮੌਤ ਦੇ ਮੂੰਹ ਵਿਚ ਜਾਣਾ ਹੀ ਚਾਹੁੰਦਾ ਹੈਂ ਤਾਂ ਤੇਰੀ ਮਰਜ਼ੀ, ਮੈਂ ਨਹੀਂ ਸੀ ਚਾਹੁੰਦਾ ਕਿ ਤੇਰੇ ਜਿਹੇ ਬੇਈਮਾਨ ਤੇ ਕੁਸੱਤੀ ਦੇ ਖ਼ੂਨ ਨਾਲ ਆਪਣੇ ਹੱਥ ਭਰਾ, ਮੈਂ ਫਿਰ ਭੀ ਤੈਨੂੰ ਮੁੜ ਜਾਣ ਦੀ ਸਲਾਹ ਦਿੰਦਾ ਹਾਂ, ਜੇ ਨਹੀਂ ਤਾਂ ਤੀਜਾ ਵਾਰ ਕਰਨ ਦੀ ਖੁਲ੍ਹ ਦਿੰਦਾ ਹਾਂ, ਆਖੀਂ ਨਾ ਕਿ ਮੈਂ ਐਵੇਂ ਹੀ ਮਾਰਿਆ ਗਿਆ।

ਗੇਂਦੇ ਨੇ ਬਕਦੇ ਬਕਦੇ, ਗਾਲਾਂ ਦਿੰਦੇ ਅਤੇ ਗੁੱਸੇ ਵਿਚ ਭਰੇ ਪੀਤੇ ਨੇ ਤੀਜਾ ਵਾਰ ਫਿਰ ਕੀਤਾ। ਅੜਬੰਗੀ ਨੇ ਉਹ ਵੀ ਆਪਣੇ ਖੂੰਡੇ ਤੇ ਝੱਲ ਕੇ ਨਕਾਰਾ ਕਰ ਦਿੱਤਾ। ਸੋਟੇ ਤੇ ਸੋਟਾ ਅਜਿਹੇ ਜ਼ੋਰ ਨਾਲ ਵੱਜਾ, ਕਿ ਉਸਦੇ ਹੱਥ ਝੁਣਝੁਣਾ ਕੇ ਝੂਠੇ ਜਿਹੇ ਪੈ ਗਏ। ਤਿੰਨੇ ਵਾਰ ਸੋਟੇ ਤੇ ਵਾਰ ਝੱਲ ਕੇ ਸਿੰਘ ਨੇ ਪੈਂਤੜਾ ਬਦਲਕੇ ਅਜਿਹੇ ਜੋਰ ਨਾਲ ਖੂੰਡਾ ਗੇਂਦੇ ਦੀ ਪੁੜਪੜੀ

ਵਿਚ ਮਾਰਿਆ ਕਿ ਉਹ ਲਾਟੂ ਵਾਂਗ ਭੁਆਂਟਣੀ ਖਾ ਕੇ ਚਾਰੇ ਸ਼ਾਨੇ ਚਿਤ, ਮਾਂ ਧਰਤੀ ਦੀ ਗੋਦ ਵਿਚ ਲੇਟ ਕੇ ਦਮ ਤੋੜਨ ਲੱਗ ਪਿਆ। ਅੱਖ ਝਮਕਣੀ ਵਿਚ ਹੀ ਇਹ ਸਭ ਕੁਝ ਹੋ ਗਿਆ। ਤਦੇ ਪਤਾ ਲੱਗਾ, ਜਦ ਗੇਂਦੇ ਦੀ ਛਾਤੀ ਤੇ ਸਵਾਰ ਹੋ ਕੇ ਅੜਬੰਗੀ ਚਾਕੂ ਨਾਲ ਗੇਂਦੇ ਦੇ ਗਰਮ ਗਰਮ ਖ਼ੂਨ ਦੀਆਂ ਚੂਲੀਆਂ ਭਰ ਭਰ ਪੀ ਰਿਹਾ ਸੀ ਅਤੇ ਨਾਲੇ ਕਿਸੇ ਖ਼ਾਸ ਰੰਗ ਰੱਤੜੇ ਜਲਾਲ ਵਿਚ ਗਾ ਰਿਹਾ ਸੀ ।

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨਾ ਟਰੋਂ।
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਅਪਨੀ ਜੀਤ ਕਰੋਂ।
ਅਰੁ ਸਿਖ ਹੋਂ ਆਪਨੇ ਹੀ ਮਨ ਕੇ,
ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ।

## 5

ਅੱਜ ਪਤਾ ਨਹੀਂ ਕਿਸ ਮੁਖ਼ਬਰ ਨੇ ਆ ਦਸਿਆ ਕਿ ਜਿਸ ਦੀ ਭਾਲ ਵਿਚ ਤੁਸੀਂ ਬਉਰੇ ਤੇ ਸਉਦਾਈ ਹੋਏ ਫਿਰਦੇ ਹੋ, ਅਤੇ ਜਿਸ ਦੀ ਗ੍ਰਿਫਤਾਰੀ ਦਾ ਦਸ ਹਜ਼ਾਰ ਰੁਪਿਆ ਇਨਾਮ ਰਖਿਆ ਹੋਇਆ ਹੈ, ਉਹ ਭਗਵਾਨ ਸਿੰਘ ਅੜਬੰਗੀ ਗਦਾਂ ਡੋਬ, ਆਦਮ ਵਾਲਾ, ਘੁੱਦ, ਭੇਡ ਵਾਲੀ ਤੇ ਨੀਲਿਆਂ ਵਾਲੀ, ਰਿਆਸਤ ਬਹਾਵਲ ਪੁਰ ਤੇ ਜ਼ਿਲ੍ਹਾ ਫੀਰੋਜ਼ ਪੁਰ ਦੇ ਪਿੰਡਾਂ ਵਿਚ ਨਿਰਭੈ ਤੇ ਆਜ਼ਾਦ ਉਜਾਗਰ ਪਿਆ ਫਿਰਦਾ ਹੈ।

ਇਹ ਸੁਣ ਕੇ ਸੁਪ੍ਰਡੈਂਟ ਸਾਬ ਬਹਾਦਰ ਬਹੁਤ ਹੀ ਪ੍ਰਸੰਨ ਹੋਏ ਅਤੇ ਉਨ੍ਹਾਂ ਐਤਕਾਂ ਆਪ ਨਾਲ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੇਰੇ ਤੇ ਕਿਉਂਕਿ ਬਾਰਬਰਟਨ ਸਾਹਿਬ ਬਹਾਦਰ ਬਹੁਤ ਪ੍ਰਸੰਨ ਸਨ, ਇਸ ਲਈ ਮੇਰੀ ਵਫ਼ਾਦਾਰੀ ਦੇ ਖਿਆਲ ਨਾਲ ਮੈਨੂੰ ਵੀ ਨਾਲ ਚਲਣ ਦਾ ਹੁਕਮ ਅਤਾ ਫੁਰਮਾਇਆ।

ਸਾਹਿਬ ਬਹਾਦਰ ਦੇ ਹੁਕਮ ਅਨੁਸਾਰ ਭਾਵੇਂ ਮੈਂ ਜਾਣ ਲਈ ਤਿਆਰੀ ਕਰ ਰਿਹਾ ਹਾਂ ਅਤੇ ਨਾਲ ਆਪਣੇ ਹੰਢੇ ਵਰਤੇ ਤੇ ਅਜ਼ਮਾਏ ਹੋਏ ਜਾਸੂਸੀ ਅਮਲੇ ਨੂੰ ਵੀ ਲੈ ਜਾ ਰਿਹਾ ਹਾਂ, ਪਰ ਇਹ ਚਿੱਟੇ ਤੇ ਕਾਲਾ ਲਿਖ ਦਿੰਦਾ ਹਾਂ ਕਿ ਅੱਵਲ ਤਾਂ ਉਸ ਸਾਡੇ ਹੱਥ ਹੀ ਨਹੀਂ ਲੱਗਣਾ, ਕਿਉਂਕਿ ਉਹ ਗਰੀਬਾਂ ਦਾ ਬਹੁਤ ਮਦਦਗਾਰ, ਦੁਖੀਆਂ ਦਾ ਸਹਾਰਾ ਅਤੇ ਦੀਨਾਂ ਦਾ ਬੰਧੁ ਹੈ, ਬਹੁਤ ਚਲਾਕ ਤੇ ਸਿਆਣਾ ਹੈ। ਇਲਾਕੇ ਦੇ ਕਿਸੇ ਵੀ ਬੰਦੇ ਨੇ ਸਾਨੂੰ ਇਹ ਦੱਸਣ ਲਈ ਤਿਆਰ ਨਹੀਂ ਹੋਣਾ ਕਿ ਉਹ ਕਿੱਥੇ ਰਹਿੰਦਾ ਹੈ। ਜੇ ਕਿਸੇ ਕਾਰਣ ਉਹ ਸਾਡੇ ਕਾਬੂ ਆ ਵੀ ਗਿਆ, ਫਿਰ ਵੀ ਉਸ ਦਾ ਵਾਲ ਵਿੰਗਾ ਨਹੀਂ ਹੋ ਸਕਣਾ ਅਤੇ ਗੇਂਦੇ ਦੀ ਮੌਤ ਦਾ ਕੁੱਤੇ ਜਿੰਨਾ ਵੀ ਮੁੱਲ ਨਹੀਂ ਪੈਣਾ। ਇਹ ਥੋੜ੍ਹਾ ਜਿਹਾ ਇਤਿਹਾਸ ਜਾਂ ਕਹਾਣੀ ਲਿਖਣ ਤੋਂ ਮੇਰਾ ਭਾਵ ਇਹ ਹੈ ਕਿ ਜਿਸ ਕੰਮ ਲਈ ਸੁਪ੍ਰਡੈਂਟ ਸਾਹਿਬ ਬਹਾਦਰ ਨੇ ਹੁਕਮ ਦਿੱਤਾ ਹੈ, ਉਸ ਦੀ ਸਹੀ ਅਸਲੀਅਤ ਦੱਸ ਦਿਆਂ।

ਮੈਂ ਜਲਦੀ ਜਲਦੀ ਲੋੜ ਅਨੁਸਾਰ ਸਾਮਾਨ ਲੈ ਕੇ ਤਿਆਰ ਹੋ ਕੇ ਦਫ਼ਤਰ ਆ ਗਿਆ। ਮੇਰੇ ਨਾਲ ਚਾਰ ਆਹਲਾ ਜਾਸੂਸ ਤੇ 10 ਸਿਪਾਹੀ ਜੋ ਅਸਲੇ ਨਾਲ ਪੂਰੀ ਤਰ੍ਹਾਂ ਲੈਸ ਸਨ, ਹੋਰ ਵੀ ਸਨ। ਸਾਹਿਬ ਬਹਾਦਰ ਨੇ ਆਪਣਾ ਕੁਝ ਹੋਰ ਅਮਲਾ ਵੀ ਨਾਲ ਲੈ ਲਿਆ। ਅਸੀਂ ਸਾਰੇ ਸਾਦੇ ਕੱਪੜਿਆਂ ਵਿਚ ਲੁਧਿਆਣੇ ਤੋਂ ਮੁਕਤਸਰ ਜਾ ਰਹੇ। ਸਾਹਿਬ ਨੇ ਡਾਕ ਬੰਗਲੇ ਵਿਚ ਡੇਰਾ ਲਾਇਆ, ਮੈਂ ਉਨ੍ਹਾਂ ਦੇ ਕੋਲ ਹੀ ਠਹਿਰਿਆ, ਬਾਕੀ ਥਾਣੇਦਾਰ ਤੇ ਸਿਪਾਹੀ ਥਾਣੇ ਵਿਚ ਰਹੇ। ਮੈਂ ਸਾਹਿਬ ਤੋਂ ਇਜਾਜਤ ਲੈ ਕੇ ਕੂਕਿਆਂ ਦੇ ਡੇਰੇ ਗਿਆ ਕਿ ਸ਼ਾਇਦ ਇਥੇ ਕੋਈ ਸੂਹ ਲਗ ਸਕੇ। ਮੈਂ ਪੂਰੀ ਤਰ੍ਹਾਂ ਕੂਕਿਆਂ ਦੇ ਪਹਿਰਾਵੇ ਵਿਚ ਸੀ। ਮੈਂ ਅਜੇ ਡੇਰੇ ਵਿਚ ਪੈਰ ਹੀ ਧਰਿਆ ਸੀ ਕਿ ਇਕ ਨੌਜਵਾਨ ਜਿਹੇ ਅਧਖੜ ਕੂਕੇ ਨੂੰ ਵੇਖ ਕੇ ਮੈਂ ਫਤਹ ਬੁਲਾਈ। ਉਸ ਨੇ ਫਤਹ ਦਾ ਜਵਾਬ ਹੱਥ ਜੋੜ ਕੇ ਦਿੱਤਾ। ਫਿਰ ਮੇਰੇ ਵੱਲ ਭੇਦ ਭਰੀ ਨਜ਼ਰ ਨਾਲ ਮੁਸਕਰਾਂਦਿਆਂ ਕਿਹਾ, "ਤੁਸੀਂ ਸ੍ਰੀ ਮਾਨ ਸੰਤ ਭਗਵਾਨ ਸਿੰਘ ਅੜਬੰਗੀ ਨੂੰ ਲੱਭਣ ਆਏ ਜੋ ? ਉਹ ਇੱਥੇ ਨਹੀਂ ਆਇਆ ਅਤੇ ਨਾ ਹੀ ਇਥੇ ਦਾ ਰਹਿਣ ਵਾਲਾ ਕੋਈ ਉਨ੍ਹਾਂ ਬਾਬਤ ਕੁਝ ਜਾਣਦਾ ਹੀ ਹੈ।

ਮੈਨੂੰ ਉਸ ਕੂਕੇ ਤੇ ਬੜਾ ਗੁੱਸਾ ਆਇਆ ਤੇ ਹੈਰਾਨੀ ਵੀ ਹੋਈ, ਮੈਨੂੰ ਉਸ ਪਛਾਣ ਕਿਵੇਂ ਲਿਆ? ਫਿਰ ਉਸ ਨੂੰ ਇਹ ਕਿਸ ਦੱਸ ਦਿੱਤਾ ਕਿ ਮੈਂ ਅੜਬੰਗੀ ਨੂੰ ਲੱਭਣ ਆਇਆ ਹਾਂ! ਜਦ ਕਿ ਇਸ ਗੱਲ ਨੂੰ ਜਾਂ ਮੈਂ ਜਾਣਦਾ ਹਾਂ ਜਾਂ ਸਾਹਿਬ, ਹੋਰ ਤਾਂ ਸਾਡੇ ਨਾਲ ਦੇ ਸਿਪਾਹੀ ਵੀ ਨਹੀਂ ਸਨ ਜਾਣਦੇ ਕਿ ਅਸੀਂ ਕਿਸ ਕੰਮ ਆਏ ਹਾਂ। ਬਾਰਬਰਟਨ ਸਾਹਿਬ ਨੂੰ ਸਾਰੇ ਕੂਕੇ ਚੰਗੀ ਤਰ੍ਹਾਂ ਜਾਣਦੇ ਸਨ, ਹੋ ਸਕਦਾ ਹੈ ਕਿ ਉਸ ਨੂੰ ਵੇਖ ਕੇ ਹੀ ਕੂਕਿਆਂ ਕਿਆਸ ਕਰ ਲਿਆ ਹੋਵੇ ਕਿ ਅਸੀਂ ਇੱਥੇ ਕਿਸ ਕੰਮ ਲਈ ਆਏ ਹਾਂ। ਮੈਂ ਆਪਣੇ ਵੱਲ ਡਿੱਠਾ, ਫਿਰ ਉਸ ਕੂਕੇ ਵੱਲ ਡਿਠਾ, ਉਸ ਦੇ ਚਿਹਰੇ ਤੇ ਦੇਸ਼ ਭਗਤੀ ਭਰੀ ਰੂਹਾਨੀਅਤ ਦਾ ਜਲਾਲ ਸੀ, ਮੇਰੇ ਮੂੰਹ ਤੇ ਗੁਲਾਮੀ ਤੇ ਦੇਸ਼ ਧ੍ਰੋਹਤਾ ਦੇ ਕਾਲੇ ਧੱਬੇ ਸਨ। ਮੈਨੂੰ ਉਥੋਂ ਵਾਪਸ ਪਰਤਣਾ ਮੁਸ਼ਕਲ ਹੋ ਗਿਆ, ਮੇਰੇ ਪੈਰ ਮਣ ਮਣ ਭਾਰੇ ਹੋ ਗਏ।

**ਚੱਲਦਾ......................**

# ਸੁੱਚੇ ਮੋਤੀ

- ਵਿਕਾਸ ਲਈ ਮੁਸੀਬਤਾਂ ਅਤੇ ਸੰਕਟ ਲਾਜ਼ਮੀ ਹੁੰਦੇ ਹਨ। ਹਨੇਰੇ ਦੇ ਸੰਕਟ ਨੇ ਦੀਵਾ ਉਪਜਾਇਆ। ਸਮੁੰਦਰਾਂ 'ਤੇ ਧੁੰਦ ਨੇ ਕੰਪਾਸ ਦੀ ਕਾਢ ਕੱਢੀ। ਭੁੱਖ ਅਤੇ ਉਤਸੁਕਤਾ ਨੇ ਮਨੁੱਖ ਨੂੰ ਨਵੀਆਂ ਧਰਤੀਆਂ ਲੱਭਣ ਲਈ ਪ੍ਰੇਰਿਆ। ਗਰੀਬੀ ਨੇ ਮਿਹਨਤ ਕਰਨ ਦੀ ਜਾਚ ਸਿਖਾਈ। ਇਕੱਲਤਾ ਨੇ ਪਿਆਰ ਕਰਨ ਅਤੇ ਪਰਿਵਾਰ ਵਿਚ ਰਹਿਣ ਦੀ ਲੋੜ ਉਪਜਾਈ। ਦੂਰੀਆਂ ਨੇ ਪਿੰਡ ਸ਼ਹਿਰ ਵਸਾਉਣ ਦਾ ਸੰਕਲਪ ਦਿੱਤਾ। ਅਕੇਵੇਂ ਅਤੇ ਥਕਾਵਟ ਨੇ ਮਨੋਰੰਜਨ ਦੇ ਸਾਧਨ ਉਪਜਾਏ। ਅਗਿਆਨਤਾ ਨੇ ਵਿਦਿਅਕ ਅਦਾਰੇ ਉਸਾਰੇ। ਔਖ ਅਤੇ ਕਸ਼ਟ ਨੇ ਹੀ ਵਿਗਿਆਨ ਦੇ ਨਿਰਮਾਣ ਦਾ ਰਾਹ ਖੋਲ੍ਹਿਆ।

**ਨਰਿੰਦਰ ਸਿੰਘ ਕਪੂਰ**

- ਜੇਕਰ ਸਾਰੇ ਦੁਰਭਾਗ ਇਕ ਹੀ ਸਥਾਨ ਤੇ, ਇਕ ਢੇਰ ਵਿਚ ਰੱਖ ਦਿੱਤੇ ਜਾਣ ਅਤੇ ਸਭ ਨੂੰ ਉਨ੍ਹਾਂ ਵਿਚੋਂ ਬਰਾਬਰ ਹਿੱਸਾ ਲੈਣਾ ਪਵੇ, ਤਾਂ ਸਾਡੇ ਵਿਚੋਂ ਜ਼ਿਆਦਾਤਰ ਆਪਣੇ ਹੀ ਭਾਗ ਤੋਂ ਸੰਤੁਸ਼ਟ ਹੋ ਕੇ ਵਿਦਾ ਹੋ ਜਾਣਗੇ।

**ਸੁਕਰਾਤ**

- ਛੋਟੇ ਦਿਮਾਗ ਦੁਰਭਾਗ ਦੁਆਰਾ ਖੋਖਲੇ ਅਤੇ ਕਮਜ਼ੋਰ ਹੋ ਜਾਂਦੇ ਹਨ, ਪਰੰਤੂ ਵਿਸ਼ਾਲ ਦਿਮਾਗ ਦੁਰਭਾਗਾਂ ਤੋਂ ਵੀ ਉਪਰ ਉੱਠ ਜਾਂਦੇ ਹਨ।

**ਵਾਸ਼ਿੰਗਟਨ ਇਰਵਿੰਗ**

- ਆਦਮੀ ਧਰਮ ਦੇ ਲਈ ਝਗੜੇਗਾ, ਉਸਦੇ ਲਈ ਲਿਖੇਗਾ, ਉਸਦੇ ਲਈ ਸਭ ਕੁਝ ਕਰੇਗਾ, ਪਰ ਉਸਦੇ ਲਈ ਜੀਵੇਗਾ ਨਹੀਂ।

**ਜਵਾਹਰ ਲਾਲ ਨਹਿਰੂ**

- ਨਿਮਰਤਾ, ਪ੍ਰੇਮਪੂਰਨ ਵਿਹਾਰ ਅਤੇ ਸਹਿਣਸ਼ੀਲਤਾ ਨਾਲ ਮਨੁੱਖ ਤਾਂ ਕੀ, ਦੇਵਤੇ ਵੀ ਤੁਹਾਡੇ ਵਸ ਵਿਚ ਹੋ ਜਾਂਦੇ ਹਨ।

**ਤਿਲਕ**

- ਮੁਸ਼ਕਿਲਾਂ ਤੇ ਹਾਨੀਆਂ ਨੂੰ ਸਹਿਣ ਕਰਨ ਦੇ ਬਾਅਦ ਮਨੁੱਖ ਵਿਨੀਤ ਅਤੇ ਬੁੱਧੀਮਾਨ ਹੋ ਜਾਂਦਾ ਹੈ।

**ਫ਼ਰੈਂਕਲਿਨ**

- ਜੋ ਪਾਪ ਵਿਚ ਫਸ ਜਾਂਦਾ ਹੈ, ਮਾਨਵ ਹੈ; ਜੋ ਉਸ ਉਤੇ ਦੁੱਖ ਪ੍ਰਗਟ ਕਰਦਾ ਹੈ, ਦੇਵਤਾ ਹੈ; ਜੋ ਉਸ ਤੇ ਘਮੰਡ ਕਰਦਾ ਹੈ ਦਾਨਵ ਹੈ।

**ਥਾਮਸ ਫੁਲਰ**

# ਬੱਚਿਆਂ ਦਾ ਪੰਨਾ

## (ਸ੍ਰੀ ਸਤਿਗੁਰੂ ਹਰੀ ਸਿੰਘ ਜੀ ਕੋਹੜ ਦੂਰ ਕੀਆ)

ਇਤਿਹਾਸ ਵਿਚ ਇੱਕ ਕਥਾ ਆਉਂਦੀ ਹੈ ਸਤਿਗੁਰੂ ਹਰੀ ਸਿੰਘ ਜੀ ਦੇ ਵਕਤ ਦੀ। ਜ਼ਿਲ੍ਹਾ ਲੁਧਿਆਣਾ ਦੇ ਇਕ ਪਿੰਡ ਦਾ ਨਾਮ ਹੈ- ਹਰੀ ਸਿੰਘ ਦਾ ਬੁਰਜ। ਇਸ ਪਿੰਡ ਦੇ ਬਾਹਰ ਇਕ ਉਦਾਸੀ ਸਾਧੂਆਂ ਦਾ ਡੇਰਾ ਸੀ। ਇਸ ਡੇਰੇ ਦੇ ਆਗੂ ਮਹੰਤ ਦੇ ਸਰੀਰ ਨੂੰ ਕੋਹੜ ਹੋ ਗਿਆ। ਜਿਹੜਾ ਕੋਹੜ ਦਾ ਰੋਗੀ ਹੁੰਦਾ ਹੈ, ਉਹ ਰਾਤ ਦਿਨ ਦੁਖੀ ਰਹਿੰਦਾ ਹੈ। ਇਸ ਨੇ ਕਈ ਦਵਾਈਆਂ ਲਈਆਂ ਪਰ ਕੋਈ ਅਰਾਮ ਨਾ ਆਵੇ। ਇਹਨੂੰ ਕਿਸੇ ਨੇ ਦੱਸਿਆ ਕਿ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿੱਚ ਅਰਜ਼ ਕਰ। ਇਹਨਾਂ ਬਾਵਾ ਜੀ, ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ, ਸਰੀਰ ਕੋਹੜੀ ਹੈ, ਕੋਈ ਦਵਾਈ ਦਿਉ।" ਆਪ ਜੀ ਦੀ ਬੜੀ ਸ਼ੋਭਾ ਸੁਣ ਕੇ ਆਇਆ ਹਾਂ।

ਸਤਿਗੁਰੂ ਜੀ ਬਚਨ ਕੀਤਾ, "ਬਾਵਾ ਜੀ, ਸੋਭਾ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਹੈ ਪਰ ਤੁਸੀਂ ਇਸ਼ਨਾਨ ਕਰ ਆਉ, ਦਵਾਈ ਦੇ ਦਿਆਂਗੇ। ਜਦੋਂ ਬਾਵਾ ਜੀ ਇਸ਼ਨਾਨ ਕਰ ਆਏ ਤਾਂ ਸਤਿਗੁਰੂ ਹਰੀ ਸਿੰਘ ਜੀ ਹੁਕਮ ਕੀਤਾ, "ਇਹਨੂੰ ਭਜਨ ਦੇ ਦਿਉ।" ਸਿੱਖ ਨੇ ਕੰਨ ਵਿਚ ਭਜਨ ਦੱਸਿਆ ਤਾਂ ਸਤਿਗੁਰੂ ਜੀ ਹੁਕਮ ਕੀਤਾ ਕਿ ਬਾਵਾ ਜੀ ਲੰਗਰ ਵਿਚ ਬਰਤਨ ਮਾਂਜਣ ਦੀ ਸੇਵਾ ਕਰਿਆ ਕਰੋ।" ਇਸਨੇ ਡੇਰੇ ਆ ਕੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਦੋ ਮਹੀਨੇ ਦੇ ਵਿਚ ਦੁਖ ਦੂਰ ਹੋ ਗਿਆ। ਸਤਿਗੁਰੂ ਜੀ ਦੀ ਸਰਨ ਆਉਣ ਨਾਲ ਦੁਖ ਦੂਰ ਹੋ ਗਿਆ।

**ਨਰਿੰਦਰ ਕੌਰ**

## ਗੀਤ

ਧੰਨ ਗੁਰੂ ਹਰੀ ਸਿੰਘ ਟੁੱਟੀ ਤੂੰ ਮਿਲਾਈ ਏ।
ਠੰਡੀ ਤੇਰੀ ਮੂਰਤੀ ਨੇ ਠੰਡ ਵਰਤਾਈ ਏ।

ਰੁੱਸੀਆ ਬਹਾਰਾਂ ਜਦੋਂ ਰਾਮ ਗਏ ਦੂਰ ਸਨ,
ਤੇਰੇ ਅਰਮਾਨਾਂ ਦੇ ਜੋ ਦਿਲ, ਹੋਏ ਚੂਰ ਸਨ,
ਪੰਥ ਦੇ ਬਗ਼ੀਚੇ *ਖਿਜ਼ਾਂ ਖਿੱਲੀ ਆ ਮਚਾਈ ਏ।
ਧੰਨ ਗੁਰੂ..................

ਖੋਹ ਕੇ ਪਿਆਰਾ ਪਹਿਲਾਂ ਸੀਨਾ ਮੇਰਾ ਸੱਲਿਆ,
ਫੇਰ ਮੇਰਾ ਬੂਹਾ ਆਣ ਬਿੱਲਿਆਂ ਨੇ ਮੱਲਿਆ,
ਇੰਜ ਕਹਿੰਦੀ ਭੈਣੀ ਉਹਦੇ ਚਰਨਾਂ ਨੂੰ ਧਾਈ ਏ।
ਧੰਨ ਗੁਰੂ...............................

***ਪੱਤਝੜ**

ਆਪ ਭਾਵੇਂ ਲੱਖਾਂ ਹੀ ਮੁਸੀਬਤਾਂ ਨੇ ਝੱਲੀਆਂ,
ਸੰਗਤਾਂ ਨੂੰ ਦੇਂਦੇ ਰਹੇ ਨਿੱਤ ਹੀ ਤਸੱਲੀਆਂ:
ਗੋਰਾ ਜਾਊ, ਰਾਮ ਆਊ, ਗੱਲ ਸਮਝਾਈ ਏ।
ਧੰਨ ਗੁਰੂ ..............

ਲੱਖਾਂ ਕਾਲ ਪੀੜਤਾਂ ਨੂੰ ਗੋਦ 'ਚ ਬਹਾਲਿਆ,
ਸੁੱਕਿਆਂ ਨੂੰ ਹਰਾ ਕੀਤਾ, ਟੁੱਟਿਆਂ ਸੰਭਾਲਿਆ,
ਦੁਖੀਆਂ ਨੂੰ ਗਲ ਲਾਕੇ ਦਿੱਤੀ ਵਡਿਆਈ ਏ।
ਧੰਨ ਗੁਰੂ .................

**ਬਲਬੀਰ ਸਿੰਘ ਢਿੱਲੋਂ**

# ਖ਼ਬਰਨਾਮਾ

## ਬੁੱਢੇ ਦਰਿਆ ਦੀ ਪੁਨਰ ਸੁਰਜੀਤੀ ਲਈ ਸਾਂਝੇ ਯਤਨਾਂ ਦੀ ਲੋੜ..ਸ੍ਰੀ ਸਤਿਗੁਰੂ ਉਦੇ ਸਿੰਘ ਜੀ

21 ਸਿਤੰਬਰ ਸ੍ਰੀ ਭੈਣੀ ਸਾਹਿਬ: ਅੱਜ ਸ਼ਾਮੀ ਲੁਧਿਆਣੇ ਤੋਂ ਸ੍ਰ. ਅਮਰਜੀਤ ਸਿੰਘ ਭੁਰਜੀ ਨਾਲ ਸ. ਜਸਵੰਤ ਸਿੰਘ ਜ਼ਫਰ ,ਸ੍ਰ. ਅਮਰਜੀਤ ਸਿੰਘ ਗਰੇਵਾਲ ਉਚੇਚੇ ਤੌਰ ਤੇ ਸ੍ਰੀ ਸਤਿਗੁਰੂ ਜੀ ਨਾਲ ਲੁਧਿਆਣੇ ਦੇ ਬੁੱਢੇ ਦਰਿਆ ਬਾਰੇ,ਜੋ ਕਿ ਕਿਸੇ ਵੇਲੇ ਸਾਫ ਹੋਇਆ ਕਰਦਾ ਸੀ ਪਰ ਹੁਣ ਕਾਲੇ ਜਹਰੀਲੇ ਅਤੇ ਬਦਬੂਦਾਰ ਪਾਣੀ ਵਾਲਾ ਗੰਦਾ ਨਾਲਾ ਬਣ ਚੁੱਕਾ ਹੈ, ਨੂੰ ਮੁੜ ਨਿਰਮਲ ਜਲ-ਧਾਰਾ ਵਿਚ ਰੂਪਾਂਤਰਨ ਕਰਨ ਲਈ ਵਿਚਾਰ ਵਿਮਰਸ਼ ਕਰਨ ਆਏ। ਲੁਧਿਆਣੇ ਦੇ ਇਹ ਤਿੰਨੋਂ ਸੱਜਣ ਹੀ ਵਿਦਵਾਨ, ਸਮਾਜ ਸੇਵੀ ਅਤੇ ਦਰਪੇਸ਼ ਮਸਲਿਆਂ ਬਾਰੇ ਚਿੰਤਾਤੁਰ ਹਨ। ਸ੍ਰੀ ਸਤਿਗੁਰੂ ਜੀ ਦੇ ਸਨਮੁਖ ਵਿਚਾਰ ਵਟਾਂਦਰਾ ਕਰਦਿਆਂ ਸ੍ਰ. ਗਰੇਵਾਲ ਜੀ ਨੇ ਦੱਸਿਆ ਕਿ ਵੈਸੇ ਤਾਂ ਸਾਡੇ ਭਾਰਤ ਦੇ ਜਲ ਸੋਮੇ ਬੁਰੀ ਤਰ੍ਹਾਂ ਦੂਸ਼ਿਤ ਹੋ ਰਹੇ ਹਨ ਪਰ ਲੁਧਿਆਣੇ ਵਿਚ ਵਗਦਾ ਬੁੱਢਾ ਦਰਿਆ ਉਰਫ ਗੰਦਾ ਨਾਲਾ ਬਹੁਤ ਹੀ ਚਿੰਤਾਜਨਕ ਮਸਲਾ ਹੈ, ਸ਼ਹਿਰ ਦਾ ਸਾਰਾ ਸੀਵਰੇਜ਼, ਫ਼ੈਕਟਰੀਆਂ ਦਾ ਜ਼ਹਰੀਲਾ ਪਾਣੀ ਅਤੇ ਕੂੜੇ ਦੇ ਢੇਰਾਂ ਨੇ ਵਾਤਾਵਰਣ ਨੂੰ ਏਨਾਂ ਦੂਸ਼ਿਤ ਕਰ ਦਿੱਤਾ ਹੈ ਕਿ ਲੋਕਾਂ ਨੂੰ ਸਾਹ ਲੈਣਾ ਵੀ ਔਖਾ ਹੋਇਆ ਪਿਆ ਹੈ। ਬਿਮਾਰੀਆਂ ਫੈਲ ਰਹੀਆਂ ਹਨ ਜੋ ਕਿ ਮਹਾਂਮਾਰੀਆਂ ਦਾ ਕਾਰਣ ਬਣ ਸਕਦੀਆਂ ਹਨ। ਬੁੱਢੇ ਦਰਿਆ ਦਾ ਜ਼ਹਿਰ ਜ਼ਮੀਨ, ਹਵਾ ਅਤੇ ਸਬਜੀਆਂ ਸਭ ਨੂੰ ਏਨਾਂ ਜ਼ਹਰੀਲਾ ਕਰ ਰਿਹਾ ਹੈ ਕਿ ਭਵਿੱਖ ਬਹੁਤ ਮਾਰੂ ਹੋ ਸਕਦਾ ਹੈ।

ਜ਼ਫ਼ਰ ਜੀ ਨੇ ਕਿਹਾ ਕਿ "ਪੰਜਾਬ ਦੇ ਕਿਸਾਨ ਮਰ ਰਹੇ ਹਨ, ਨਸ਼ਿਆਂ ਨਾਲ ਜਵਾਨੀ ਖਤਮ ਹੋ ਰਹੀ ਹੈ, ਪਰ ਹੁਣ ਪ੍ਰਦੂਸ਼ਣ ਦਾ ਮਸਾ ਸਭ ਤੋਂ ਭਿਆਨਕ ਰੂਪ ਧਾਰ ਰਿਹਾ ਹੈ। ਲੋਕਾਂ ਨੂੰ ਜਾਗਰੂਕ ਕਰਨ ਅਤੇ ਬੋਲੀ ਸਰਕਾਰ ਦੇ ਕੰਨ ਖੋਲ੍ਹਣ ਦੀ ਲੋੜ ਹੈ। ਸਾਡੀ ਸੰਸਥਾ ਲਾਈਫ ਲਾਈਨ ਫਾਂਉਂਡੇਸ਼ਨ ਇਸ ਮਸਲੇ ਬਾਰੇ ਉਚੇਚੇ ਯਤਨ ਕਰ ਰਹੀ ਹੈ। ਸਤਿਗੁਰੂ ਜੀ! ਆਪ ਜੀ ਅਗਵਾਈ ਕਰੋ, ਦਰਿਆਵਾਂ ਤੋਂ ਗੰਦੇ ਨਾਲੇ ਬਣ ਚੁੱਕੇ ਇਨ੍ਹਾਂ ਜਲ ਸੋਮਿਆਂ ਨੂੰ ਮੁੜ ਨਿਰਮਲ ਜਲ- ਧਾਰਾ ਵਿਚ ਤਬਦੀਲ ਕਰੀਏ।"

ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ- ਤੁਹਾਡਾ ਉਦੱਮ ਬਹੁਤ ਚੰਗਾ ਹੈ, ਅਸੀਂ ਨਾਮਧਾਰੀ ਹਰ ਤਰ੍ਹਾਂ ਨਾਲ ਸਾਥੀ ਹਾਂ, ਸਹਿਯੋਗੀ ਹਾਂ, ਜਿਵੇਂ ਕਹੋਗੇ ,ਅਸੀਂ ਤੁਹਾਡੇ ਨਾਲ ਹਾਂ ਪਰ ਆਪਾਂ ਇਸ ਸਾਰੇ ਕੰਮ ਦੀ ਇਕ ਰੂਪ ਰੇਖਾ ਉਲੀਕ ਲਈਏ। ਸਰਕਾਰ ਤੋਂ ਕੀ ਕਰਵਾ ਸਕਦੇ ਹਾਂ,ਲੋਕਾਂ ਨੂੰ ਕਿਵੇਂ ਜਾਗਰੂਕ ਕਰਨਾ ਹੈ , ਯੋਜਨਾ ਬੱਧ ਕੰਮ ਕਰੀਏ ਤਾਂ ਹੀ ਚੰਗੇ ਨਤੀਜੇ ਨਿਕਲਣਗੇ। ਵਿਸਥਾਰ ਸਹਿਤ ਕ੍ਰੀਬ ਪੌਣਾਂ ਘੰਟਾ ਚਰਚਾ ਹੋਈ - ਪ੍ਰੋਗਰਾਮ ਇਹ ਬਣਿਆ ਕਿ ਇਕ ਦਿਨ ਬੁੱਢੇ ਦਰਿਆ ਦੀ ਯਾਤਰਾ ਕੀਤੀ ਜਾਵੇ, ਵੇਖ, ਸਮਝਕੇ ਪ੍ਰੋਗਰਾਮ ਉਲੀਕਿਆ ਜਾਵੇ।

## ਬੁੱਢੇ ਦਰਿਆ ਦੀ ਯਾਤਰਾ........

24 ਸਿਤੰਬਰ - ਸ੍ਰੀ ਭੈਣੀ ਸਾਹਿਬ -ਦੋ ਦਿਨਾਂ ਤੋਂ ਬਾਰਸ਼ ਹੋ ਰਹੀ ਸੀ ਪਰ ਅੱਜ ਆਸਾ ਦੀ ਵਾਰ ਸਮੇਂ ਬੱਦਲ ਤਾਂ ਭਰਪੂਰ ਸਨ, ਪਰ ਮੀਂਹ ਤੋਂ ਬਚਾ ਸੀ ਆਸਾ ਦੀ ਵਾਰ ਉਪਰੰਤ ਸ੍ਰੀ ਸਤਿਗੁਰੂ ਜੀ, ਨਾਲ ਸੰਤ ਜਗਤਾਰ ਸਿੰਘ ਜੀ ,ਸੇਵਕ ਹਰਪਾਲ ਸਿੰਘ ਅਤੇ ਹੋਰ ਸਿਖਾਂ - ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਤੋਂ ਬੁੱਢੇ ਦਰਿਆ ਦੇ ਸਰਵੇਖਣ ਵਾਸਤੇ ਰਵਾਨਾ ਹੋਏ । ਲੁਧਿਆਣੇ ਵਿਖੇ ਚਾਂਦ ਸਿਨਮੇ ਦੇ ਨਜਦੀਕ ਬੁੱਢੇ ਦਰਿਆ ਕਿਨਾਰੇ ਸੂਬਾ ਹਰਭਜਨ ਸਿੰਘ, ਸ.ਅਮਰਜੀਤ ਸਿੰਘ ਭੁਰਜੀ,ਸ. ਜਸਵੰਤ ਸਿੰਘ ਜ਼ਫਰ ਪੁੱਜੇ ਹੋਏ ਸਨ। ਚਾਂਦ ਸਿਨਮੇ ਨੇੜਿਓਂ ਬੁੱਢੇ ਦਰਿਆ ਕਿਨਾਰੇ ਹੈਬੋਵਾਲ ਤਕ ਦੀ ਸਰਵੇ ਯਾਤਰਾ ਕਰਦਿਆਂ ਹੋਇਆਂ ਜ਼ਫਰ ਜੀ ਅਤੇ ਭੁਰਜੀ ਜੀ ਨਾਲ ਵਿਚਾਰ ਵਿਟਾਂਦਰਾ ਹੁੰਦਾ ਰਿਹਾ। ਹੈਬੋਵਾਲ ਤੋਂ ਵੀਹ ਕਿਲੋਮੀਟਰ ਦੂਰ ਪਿੰਡ ਵਲੀਪੁਰ ਖੁਰਦ ਨੇੜੇ ਉਸ ਜਗ੍ਹਾ ਪੁੱਜੇ ਜਿੱਥੇ ਇਹ ਜਹਰੀਲਾ ਪਾਣੀ ਸਤਿਲੁਜ ਦੀ ਨਿਰਮਲ ਜਲਧਾਰਾ ਵਿਚ ਮਿਲਕੇ ਪੂਰੀ ਜਲਧਾਰਾ ਨੂੰ ਦੂਸ਼ਿਤ ਕਰ ਰਿਹਾ ਹੈ। ਇਹ ਸਤਿਲੁਜ ਦਾ ਪਾਣੀ ਜੀਵ-ਜੰਤ ਅਤੇ ਲੋਕ ਵਰਤਦੇ ਹਨ ਜੋ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਣ ਬਣ ਰਿਹਾ ਹੈ।ਇਸ ਕਾਰਜ ਨੂੰ ਨੇਪਰੇ ਚਾੜਨ ਲਈ ਤਕਨੀਕੀ ਪਹਿਲੂਆਂ ਤੇ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਜ਼ਫਰ, ਭੁਰਜੀ ਜੀ ਅਤੇ ਇੰਜੀਨੀਅਰ ਸੱਤਪਾਲ ਜੀ ਨਾਲ ਵਿਸਥਾਰ ਸਹਿਤ ਵਿਚਾਰ ਵਿਟਾਂਦਰਾ ਕੀਤਾ ਅਤੇ ਅਗਲੇਰੇ ਪ੍ਰੋਗਰਾਮ ਉਲੀਕੇ ਗਏ। ਸਤਿਗੁਰੂ ਜੀ ਨੇ ਕਿਹਾ ਕਿ ਬੁੱਢੇ ਦਰਿਆ ਨੂੰ ਪੁਨਰ ਜੀਵਿਤ ਕਰਨਾ ਵੀ ਧਰਮ ਮਾਰਗ ਹੈ। ਵਾਪਿਸ ਸ੍ਰੀ ਭੈਣੀ ਸਾਹਿਬ ਪੁੱਜਣ ਤੱਕ ਇੰਦਰ ਦੇਵਤਾ ਸ਼ਾਂਤ ਰਿਹਾ ਪਰ ਛੇਤੀ ਹੀ ਮੁੜ ਵਰਖਾ ਸ਼ੁਰੂ ਹੋ ਗਈ ਜੋ ਅਗਲੇ ਦਿਨ ਤੱਕ ਜਾਰੀ ਰਹੀ।

**ਹਰਪਾਲ ਸਿੰਘ ਸੇਵਕ**

# ਨਾਮਧਾਰੀ ਸ਼ਹੀਦੀ ਮੇਲਾ
# (ਅੰਮ੍ਰਿਤਸਰ 15 ਸਤੰਬਰ 2018)

ਅੰਮ੍ਰਿਤਸਰ ਸ਼ਹੀਦ ਸਿੰਘਾਂ ਦੀ ਯਾਦ ਵਿਚ ਨਾਮਧਾਰੀ ਸ਼ਹੀਦੀ ਸਮਾਰਕ ਸ੍ਰੀ ਅੰਮ੍ਰਿਤਸਰ ਵਿਖੇ 15 ਸਤੰਬਰ 2018 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਇਕ ਮਹਾਨ ਸਮਾਗਮ ਹੋਇਆ। ਜਿਸ ਵਿਚ ਅੰਮ੍ਰਿਤ ਵੇਲੇ ਜਥੇਦਾਰ ਗੁਰਚਰਨ ਸਿੰਘ ਭੰਗਵਾ ਵਾਲਿਆਂ ਨੇ ਲੋਕਲ ਜਥੇਦਾਰ ਨਾਲ ਮਿਲ ਕੇ ਆਸਾ ਦੀ ਵਾਰ ਦਾ ਕੀਰਤਨ (ਵਾਰੇ ਦੇ ਰੂਪ ਵਿਚ) ਕੀਤਾ।

ਉਪਰੰਤ 9 ਵਜੇ ਤੋਂ 11:30 ਵਜੇ ਤੱਕ ਦੀਵਾਨਾਂ ਦਾ ਪ੍ਰਵਾਹ ਚੱਲਿਆ ਅਤੇ ਕਵੀਸ਼ਰੀ ਜਥੇ ਵਾਲਿਆਂ ਨੇ ਵੀ ਖੂਬ ਰੰਗ ਬੰਨਿਆਂ। ਜਿਸ ਵਿਚ ਜਥੇਦਾਰ ਸੁਖਵੰਤ ਸਿੰਘ ਮੁਹਾਵਾ, ਸੂਬਾ ਬਲਵਿੰਦਰ ਸਿੰਘ ਚੱਕ ਯਕੂਬ, ਜਥੇ: ਸੁਰਜੀਤ ਸਿੰਘ ਮੁਸਤਫਾਪੁਰ, ਸੂਬਾ ਅਜੀਤ ਸਿੰਘ ਬਟਾਲਾ, ਜਥੇ: ਜਸਵੀਰ ਸਿੰਘ ਖਿਆਲਾ, ਜਥੇ. ਗੁਰਬਚਨ ਸਿੰਘ ਬਟਾਲਾ ਅਤੇ ਕਵੀਸ਼ਰੀ ਜਥਾ ਵਲਟੋਹਾ ਵਾਲਿਆਂ ਨੇ ਹਾਜ਼ਰ ਸੰਗਤ ਨੂੰ ਇਕ ਸੁਰਤਾ ਵਿਚ ਬੰਨ੍ਹੀਂ ਰੱਖਿਆ। ਉਪਰੰਤ 11:30 ਤੋਂ 1:30 ਵਜੇ ਤੱਕ ਰਾਗੀ ਬਲਵੰਤ ਸਿੰਘ ਜੀ, ਰਾਗੀ ਸਤਨਾਮ ਸਿੰਘ ਅਤੇ ਹਰਪ੍ਰੀਤ ਸਿੰਘ ਸੋਨੂੰ ਜੀ ਸਮੇਤ ਜਥੇ ਨੇ ਸ਼ਹੀਦਾਂ ਦੇ ਪ੍ਰਥਾਏ ਮਨੋਹਰ ਕੀਰਤਨ ਕੀਤਾ।

ਕੀਰਤਨ ਤੋਂ ਬਾਅਦ ਪ੍ਰੋਫੈਸਰ ਸੂਬਾ ਸਿੰਘ ਜੀ ਨੇ ਸ਼ਹੀਦਾਂ ਦੇ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਨਾਲ ਹੀ ਕਿਹਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਨਾਮਧਾਰੀ ਸਿੱਖਾਂ ਨੂੰ ਰਾਗਾਂ ਵਿਚ ਕੀਰਤਨ ਕਰਨ ਦੀ ਬਖਸ਼ਿਸ਼ ਕੀਤੀ ਹੈ, ਉਹ ਕੇਵਲ ਨਾਮਧਾਰੀਆਂ ਕੋਲ ਹੀ ਹੈ ਜਿਸ ਦੀ ਸ਼ਲਾਘਾ ਕਰਨੀ ਬਣਦੀ ਹੈ। ਸ੍ਰ. ਇੰਦਰ ਸਿੰਘ ਜੀ ਬਾਸਰ ਕੇ , ਸੰਤ ਨਿਸ਼ਾਨ ਸਿੰਘ ਜੀ, ਸੇਵਕ ਹਰਪਾਲ ਸਿੰਘ ਜੀ ਨੇ ਵੀ ਸ਼ਹੀਦਾਂ ਪ੍ਰਤੀ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਾਵਨ ਪਵਿੱਤਰ ਉਪਦੇਸ਼ ਦੇਣ ਨਾਲ 2:30 ਵਜੇ ਮੇਲੇ ਦੀ ਸਮਾਪਤੀ ਹੋਈ। 15 ਸਤੰਬਰ ਨੂੰ ਸਵੇਰੇ 7 ਵਜੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਤੋਂ ਅੰਮ੍ਰਿਤਸਰ ਵੱਲ ਰਵਾਨਾ ਹੋਏ ਅਤੇ ਅੰਮ੍ਰਿਤਸਰ ਸਵੇਰੇ 9:30 ਵਜੇ ਜਥੇਦਾਰ ਦਵਿੰਦਰ ਸਿੰਘ ਜੀ ਕੁਹਾਲੀ ਚੰਡੀਗੜ੍ਹ ਵਾਲਿਆਂ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਬਖਸ਼ਿਸ਼ ਕੀਤੀ। ਚੰਡੀਗੜ੍ਹ ਵਾਲਿਆਂ ਦੇ ਘਰ ਜਲ ਪਾਣੀ ਛਕਣ ਤੋਂ ਬਾਅਦ ਸੰਤ ਗੁਰਪ੍ਰੀਤ ਸਿੰਘ ਧੰਜਲ ਸਪੁੱਤਰ ਸ੍ਰ; ਹਰਜੀਤ ਸਿੰਘ ਜੀ, ਬਲਵਿੰਦਰਦਰ ਸਿੰਘ ਨਾਗੀ ਜੋ ਕਿ ਹੁਣੇ ਕੁਝ ਦਿਨ ਪਹਿਲਾਂ ਹੀ ਬਿਮਾਰ ਰਹਿਣ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਸੀ। ਉਨ੍ਹਾਂ ਦੇ ਪਰਿਵਾਰ ਨੂੰ ਢਾਰਸ ਦਿੱਤੀ ਅਤੇ ਸੰਤਾਂ ਦੇ ਸਪੁੱਤਰ ਗੁਰਸ਼ਰਨ ਸਿੰਘ ਨੂੰ ਦਸਤਾਰ ਸਜਾਈ। ਇਸ ਤੋਂ ਬਾਅਦ ਸੰਤ ਹਰਜਿੰਦਰ ਸਿੰਘ ਜੀ ਨਾਗੀ, ਸੰਤ ਗੁਰਸੇਵਕ ਸਿੰਘ ਬੱਗਾ, ਸੰਤ ਸੁਖਦੇਵ ਸੰਘ ਬੱਗਾ, ਸੰਤ ਗੁਰਮੀਤ ਸਿੰਘ ਬੱਗਾ, ਸੰਤ ਲਵਜੀਤ ਸਿੰਘ ਬੱਗਾ, ਸੰਤ ਮਨਮੋਹਨ ਸਿੰਘ ਬੱਗਾ, ਸੰਤ ਰਣਬੀਰ ਸਿੰਘ ਬੱਗਾ ਦੇ ਘਰਾਂ ਵਿਚ ਚਰਨ ਪਾਉਣ ਦੀ ਬਖਸ਼ਿਸ਼ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਵਾਹਗਾ ਬਾਰਡਰ ਦੇ ਕੋਲ ਅਟਾਰੀ ਸੰਤ ਗੁਰਚਰਨ ਸਿੰਘ ਸਪੱਤਰ ਗੁਰਮੁਖ ਸਿੰਘ ਜੀ ਦੇ ਗ੍ਰਹਿ ਵਿਖੇ ਚਰਨ ਪਾਏ ਅਤੇ ਉਥੇ ਹੀ ਸੂਬਾ ਸ਼ਾਮ ਸਿੰਘ ਜੀ ਅਤੇ ਸੰਤ ਗੁਰਭੇਜ ਸਿੰਘ ਜੀ ਨੇ ਸੂਬਾ ਸਾਹਿਬ ਸਿੰਘ ਜੀ ਦੀ ਯਾਦਗਾਰ ਪਿੰਡ ਬੰਨਵਾਲੀ ਪੁਰ, ਜ਼ਿਲਾ ਤਰਨ ਤਾਰਨ ਵਿਖੇ ਬਨਾਉਣ ਲਈ ਨਕਸ਼ਾ ਪੇਸ਼ ਕੀਤਾ। ਜਿਸ ਨੂੰ ਵੇਖ ਕੇ ਸ੍ਰੀ ਸਤਿਗੁਰੂ ਜੀ ਕੁਝ ਤਬਦੀਲੀਆਂ ਕਰਨ ਬਾਰੇ ਕਹਿ ਕੇ ਕੰਮ ਸ਼ੁਰੂ ਕਰਨ ਦਾ ਹੁਕਮ ਕੀਤਾ।

ਅਖੀਰ ਮੇਲੇ ਵਿਚ ਦਰਸ਼ਨ ਦੇਣ ਦੀ ਕਿਰਪਾ ਕਰਨ ਤੋਂ ਪਹਿਲਾਂ ਪ੍ਰਧਾਨ ਰਣਜੀਤ ਸਿੰਘ ਜੀ ਦੇ ਗ੍ਰਹਿ ਅਤੇ ਵਰਕਸ਼ਾਪ ਵਿਚ ਚਰਨ ਪਾਏ।। ਪ੍ਰਧਾਨ ਜੀ ਦੀ ਸਿਹਤ ਬਾਰੇ ਪੁੱਛਿਆ। ਸਾਰੇ ਪਰਿਵਾਰ ਨੂੰ ਖੁਸ਼ੀਆਂ ਬਖਸ਼ੀਆਂ ਅਤੇ ਲੰਗਰ ਛਕਣ ਦੀ ਕਿਰਪਾ ਵੀ ਉਥੇ ਹੀ ਕੀਤੀ ਅਤੇ ਫਿਰ ਸ਼ਹੀਦੀ ਮੇਲੇ ਵਿਚ ਦਰਸ਼ਨ ਦਿੱਤੇ।ਇਸ ਮੇਲੇ ਵਿਚ ਦੂਰੋਂ ਨੇੜਿਓਂ ਸੰਗਤਾਂ ਹੁੰਮ-ਹੁੰਮਾ ਕੇ ਪੁੱਜੀਆਂ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਵਿਤੱਰ ਪਾਵਨ ਦਰਸ਼ਨ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਅੱਜ ਦੇ ਮੇਲੇ ਦੀ ਸੇਵਾ ਜਥੇਦਾਰ ਦਵਿੰਦਰ ਸਿੰਘ ਜੀ ਕੁਹਾਲੀ ਚੰਡੀਗੜ੍ਹ ਵਾਲਿਆਂ ਵੱਲੋਂ ਕੀਤੀ ਗਈ। ਸਟੇਜ ਦੀ ਜ਼ੁੰਮੇਵਾਰੀ ਹਰ ਸਾਲ ਦੀ ਤਰ੍ਹਾਂ ਸੰਤ ਰਵਿੰਦਰ ਸਿੰਘ ਜੀ ਜੌਹਲ ਨੇ ਬਹੁਤ ਵਧੀਆ ਨਿਭਾਈ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ ਅਤੇ ਆਈ ਸਭ ਸਾਧ ਸੰਗਤ ਦਾ ਧੰਨਵਾਦ ਸਥਾਨਕ ਪ੍ਰਬਧਕਾਂ ਵੱਲੋਂ ਕੀਤਾ ਗਿਆ।

**-ਰਵਿੰਦਰ ਸਿੰਘ ਜੌਹਲ**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਇਲਾਕਾ ਸ੍ਰੀ ਜੀਵਨ ਨਗਰ ਦਾ ਦੌਰਾ

**15 ਸਤੰਬਰ 2018** ਨਾਮਧਾਰੀ ਸ਼ਹੀਦ ਸਿੰਘਾਂ ਦੀ ਯਾਦ ਵਿਚ ਅੰਮ੍ਰਿਤਸਰ ਵਿਖੇ ਮੇਲਾ ਮਨਾਉਣ ਤੋਂ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਖੇ ਸ਼ਾਮ ਨੂੰ 6:15 ਕੁ ਵਜੇ ਪੁੱਜੇ, ਰਾਤ ਕਰੀਵਾਲੇ ਸ: ਦੀਦਾਰ ਸਿੰਘ ਜੀ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਬਲਦੇਵ ਸਿੰਘ ਬਾਜਵਾ ਜੀ ਦੇ ਘਰ ਚਰਨ ਪਾਉਣ ਤੋਂ ਬਾਅਦ ਵਾਪਿਸ ਮਸਤਾਨਗੜ੍ਹ ਆ ਬਿਰਾਜੇ।

**16 ਸਤੰਬਰ 2018 ਐਤਵਾਰ** ਨੂੰ ਸਵੇਰੇ ਅੰਮ੍ਰਿਤ ਵੇਲੇ ਚਲ ਰਹੇ ਜਪ-ਪ੍ਰਯੋਗ ਵਿਚ ਪਰਤਾਪ ਮੰਦਰ ਸੰਤ ਨਗਰ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਸਾਧ ਸੰਗਤ ਸਵੇਰੇ 3 ਵਜੇ ਤੋਂ 6 ਵਜੇ ਤੱਕ ਚੱਲ ਰਹੇ ਜਪ-ਪ੍ਰਯੋਗ ਦੌਰਾਨ ਨਾਮ-ਸਿਮਰਨ ਕਰਦੀ ਹੈ ਅਤੇ 4 ਵਜੇ ਸਥਾਨਕ ਜਥੇ ਵੱਲੋਂ ਵਾਰਾ ਵੀ ਲਗਾਇਆ ਜਾਂਦਾ ਹੈ। ਸੰਤ ਨਗਰ ਤੋਂ ਬਾਅਦ, ਜਗਜੀਤ ਨਗਰ, ਨਾਮਧਾਰੀ ਧਰਮਸ਼ਾਲਾ ਜੀਵਨ ਨਗਰ, ਅਮਰਾਸਰ, ਮਿਰਜ਼ਾਪੁਰ ਅਤੇ ਮਸਤਾਨਗੜ੍ਹ ਵਿਖੇ ਵੀ ਵਲ ਰਹੇ ਜਪ-ਪ੍ਰਯੋਗਾਂ ਵਿਚ ਦਰਸ਼ਨ ਦਿੱਤੇ ਅਤੇ ਸੰਗਤਾਂ ਨੂੰ ਨਿਹਾਲ ਕੀਤਾ।

### ਸੰਤ ਗੁਰਦੀਪ ਸਿੰਘ ਨਮਿੱਤ ਭੋਗ:

ਮਸਤਾਨਗੜ੍ਹ ਸਵੇਰ ਦਾ ਪ੍ਰਸ਼ਾਦਾ ਛਕਣ ਉਪਰੰਤ 10 ਵਜੇ ਸੰਤ ਨਗਰ ਪਰਤਾਪ ਮੰਦਰ ਵਿਚ ਸੰਤ ਗੁਰਦੀਪ ਸਿੰਘ ਜੀ ਨਮਿੱਤ ਸਧਾਰਨ ਪਾਠ ਦੇ ਭੋਗ ਸਮੇਂ ਦਰਸ਼ਨ ਦਿੱਤੇ। ਭੋਗ ਸਮੇਂ ਕਥਾ ਜਥੇਦਾਰ ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਕੀਤੀ।

### ਮਾਤਾ ਬਲਵੀਰ ਕੌਰ ਨਮਿੱਤ ਭੋਗ:

ਇਸ ਤੋਂ ਬਾਅਦ ਗ੍ਰੀਬ ਨਿਵਾਜ ਜੀ ਸ੍ਰੀ ਜੀਵਨ ਨਗਰ ਦੇ ਕਮਿਊਨਿਟੀ ਸੈਂਟਰ ਵਿਖੇ ਮਾਤਾ ਬਲਵੀਰ ਕੌਰ ਜੀ ਸੁਪਤਨੀ ਸੰਤ ਬਿਸ਼ਨ ਸਿੰਘ ਜੀ ਦੁਰਗਾਪੁਰ ਵਾਲਿਆਂ ਨਮਿੱਤ ਰੱਖੇ ਪਾਠ ਦੇ ਭੋਗ ਸਮੇਂ ਦਰਸ਼ਨ ਦਿੱਤੇ। ਸੰਤ ਮੱਖਣ ਸਿੰਘ ਦੇ ਕਵੀਸ਼ਰੀ ਜਥੇ ਨੇ ਆਪਣੀਆਂ ਰਚਨਾਵਾਂ ਰਾਹੀਂ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸ੍ਰ. ਸੁਵਰਨ ਸਿੰਘ ਵਿਰਕ ਜੀ ਨੇ ਮਾਤਾ ਜੀ ਦੇ ਗੁਰਸਿੱਖੀ ਜੀਵਨ, ਜੋ ਕਿ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਉਦੇਸ਼ਾਂ ਅਨੁਸਾਰ ਬਤੀਤ ਕੀਤਾ ਸੀ, ਬਾਰੇ ਭਰਪੂਰ ਚਾਨਣਾ ਪਾਇਆ।

### ਸੇਵਾਦਾਰ ਅਮਰ ਸਿੰਘ ਨੰਬਰਦਾਰ ਨਮਿਤ ਭੋਗ:

ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਵਿਖੇ, ਦੁਪਹਿਰ ਵੇਲੇ ਸੰਤ ਅਮਰ ਸਿੰਘ ਨੰਬਰਦਾਰ ਜੀ, ਜੋ ਕਿ ਕਾਫ਼ੀ ਸਮਾਂ ਬਿਮਾਰ ਰਹਿਣ ਤੋਂ ਬਾਅਦ ਪਿਛਲੇ ਦਿਨੀਂ ਚੜ੍ਹਾਈ ਕਰ ਗਏ ਸੀ, ਉਹਨਾਂ ਦੇ ਨਮਿੱਤ ਰੱਖੇ ਪਾਠ ਦੇ ਭੋਗ ਸਮੇਂ ਦਰਸ਼ਨ ਦਿੱਤੇ। ਜਥੇਦਾਰ ਨਿਸ਼ਾਨ ਸਿੰਘ ਜੀ ਦਿੱਲੀ ਵਾਲਿਆਂ ਨੇ ਸੰਤਾਂ ਦੇ ਜੀਵਨ ਬਾਰੇ ਭਰਪੂਰ ਜਾਣਕਾਰੀ ਦਿੰਦਿਆਂ ਹੋਇਆਂ ਰਸ ਭਿੰਨਾ ਕੀਰਤਨ ਕੀਤਾ। ਸੇਵਕ ਹਰਪਾਲ ਸਿੰਘ ਨੇ ਸ. ਅਮਰ ਸਿੰਘ ਨੰਬਰਦਾਰ ਜੀ ਨੂੰ ਸ਼ਰਧਾਂਜਲੀ ਦੇਂਦਿਆਂ ਦੱਸਿਆ ਕਿ, "ਨੰਬਰਦਾਰ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਗੁਰੂ ਘਰ ਵਿਚ ਸੇਵਾ ਕਰਦੇ ਰਹੇ। ਤੇਜ਼ ਬੁੱਧੀ ਵੇਖ ਅਟੱਲ ਪ੍ਰਤਾਪੀ ਜੀ ਨੇ ਆਪ ਨੂੰ ਸੂਬਾ ਗੰਡਾ ਸਿੰਘ ਜੀ ਦੇ ਕੋਲ ਮਕੈਨਿਕੀ ਸਿੱਖਣ ਲਈ ਸ਼ਾਗਿਰਦ ਬਣਾਇਆ। ਸਤਿਗੁਰੂ ਸੱਚੇ ਪਾਤਸ਼ਾਹ ਜਿਸ ਵੀ ਸੇਵਾ ਤੇ ਲਾਇਆ ਇਸ ਤਰ੍ਹਾਂ ਸ਼ਰਧਾ ਅਤੇ ਤਨ-ਦੇਹੀ ਨਾਲ ਜਿੰਮੇਵਾਰੀ ਨਿਭਾਈ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਨੂੰ ਆਪਣਾ ਮੁਖਤਿਆਰੇ ਆਮ ਨਿਯੁਕਤ ਕੀਤਾ। ਸ੍ਰੀ ਜੀਵਨ ਨਗਰ ਦੇ ਨੰਬਰਦਾਰ ਵੀ ਰਹੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ਵਾਸ ਪਾਤਰ ਮੁਖਤਿਆਰ ਸਨ। ਜਿਨ੍ਹਾਂ ਦਿਨਾਂ ਵਿਚ ਸ੍ਰੀ ਜੀਵਨ ਨਗਰ ਨੂੰ ਸਰਕਾਰੀ ਜ਼ਬਰ ਦਾ ਸ਼ਿਕਾਰ ਹੋਣਾ ਪਿਆ ਉਨ੍ਹਾਂ ਦਿਨਾਂ ਵਿੱਚ ਸ੍ਰ. ਗੁਰਮੁਖ ਸਿੰਘ ਝੱਬਰ ਵਾਂਗ ਹੀ ਨੰਬਰਦਾਰ ਜੀ ਦਾ ਰੋਲ ਸੰਤ-ਸਿਪਾਹੀ ਜਰਨੈਲਾਂ ਵਾਲਾ ਸੀ। ਆਪ ਕਦੇ ਵੀ ਸਤਿਗੁਰੂ ਜੀ ਦੀ ਨਿੰਦਿਆ ਨਹੀਂ ਸੀ ਸੁਣ ਸਕਦੇ । ਸਤਿਗੁਰੂ ਜਗਜੀਤ ਸਿੰਘ ਜੀ ਕਈ ਵੇਰ ਬਚਨ ਕਰਿਆ ਕਰਦੇ ਸਨ, ਮੇਰੇ ਤਿੰਨ ਸ਼ਾਗਿਰਦ ਹਨ, ਅਮਰ ਸਿੰਘ, ਲਛਮਣ ਸਿੰਘ ਅਤੇ ਕਸ਼ਮੀਰਾ ਸਿੰਘ (ਮੇਰੇ ਪਿਤਾ ਜੀ)। ਇਨ੍ਹਾਂ ਦੇ ਬੱਚੇ ਵੀ ਮੈਨੂੰ ਸਾਂਭਣੇ ਪਏ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਭਗਵਾਨ ਕ੍ਰਿਸ਼ਨ-ਸੁਦਾਮੇ ਵਾਂਗ ਯਾਰੀ ਨਿਭਾਈ। ਜਿਸ ਸ਼ਰਧਾ ਨਾਲ ਨੰਬਰਦਾਰ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਸੇਵਾ ਕੀਤੀ ਉਸੇ ਸਿਦਕ ਦਿਲੀ ਨਾਲ ਸਤਿਗੁਰੂ ਉਦੇ ਸਿੰਘ ਜੀ ਨੂੰ ਮੰਨਿਆ। ਆਪ ਹਮੇਸ਼ਾਂ ਸਤਿਗੁਰੂ ਹੁਕਮ ਦੇ ਸਨਮੁਖ ਰਹੇ।"

ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦਿੱਤਾ ਅਤੇ ਸਵਾ ਇਕ ਵਜੇ ਸ੍ਰੀ ਭੈਣੀ ਸਾਹਿਬ ਨੂੰ ਵਾਪਸੀ ਸਮੇਂ ਸਿਰਸਾ ਵਿਖੇ, ਸਤਿਗੁਰੂ ਪ੍ਰਤਾਪ ਸਿੰਘ ਲਾਈਫ ਲਾਈਨ ਹਸਪਤਾਲ 'ਚ ਸ੍ਰ. ਗੁਰਦੇਵ ਸਿੰਘ ਹਿਮਾਊਂ ਖੇੜਾ ਅਤੇ ਸ. ਧਿਆਨ ਸਿੰਘ ਜੀ ਮੁਕਤਾ ਜੀ ਦਾ ਪਤਾ ਲੈਣ ਵਾਸਤੇ ਕਿਰਪਾ ਕੀਤੀ। ਸ. ਸਵਿੰਦਰ ਸਿੰਘ ਭਿੰਡਰ ਜੀ ਦਾ ਦਿੱਲੀ ਹਸਪਤਾਲ 'ਚ ਅਤੇ ਸ. ਜਗੀਰ ਸਿੰਘ ਜੀ ਦੀ ਧਰਮ ਪਤਨੀ ਦਾ ਪਤਾ ਲੈਣ ਦੀ ਵੀ ਕਿਰਪਾ ਕੀਤੀ ਅਤੇ ਫਿਰ ਲੁਧਿਆਣੇ ਵਿਖੇ ਭਾਈ ਰਣਧੀਰ ਸਿੰਘ ਨਗਰ 'ਚ ਮਾਤਾ ਮਹਿੰਦਰ ਕੌਰ ਸੁਪਤਨੀ ਸੰਤ ਬਲਵੰਤ ਸਿੰਘ ਪਟਨੇ ਵਾਲੇ, ਜੋ ਬਿਮਾਰ ਚੱਲ ਰਹੇ ਸਨ ਉਹਨਾਂ ਨੂੰ ਦਰਸ਼ਨ ਦਿੱਤੇ। ਉਸ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਪਹੁੰਚ ਗਏ।

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਅਮਰੀਕਾ, ਕੈਨੇਡਾ ਦੌਰਾ

**29 ਜੁਲਾਈ 2018 ਲਾਸ ਐਂਜ਼ਲਸ (ਅਮਰੀਕਾ)**

ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਨੇ ਕੀਤਾ। ਉਪਰੰਤ ਸ੍ਰ: ਪ੍ਰੀਤਮ ਸਿੰਘ ਜੀ ਨੇ 10 ਕੁ ਮਿੰਟ ਵਾਸਤੇ ਬੜੀ ਭਾਵਪੂਰਤ ਸਪੀਚ ਦਿਤੀ, ਉਨ੍ਹਾਂ ਨੇ ਭਾਰਤ ਵਿਚ ਅੰਗ੍ਰੇਜਾਂ ਦਾ ਕਬਜਾ ਹੋਣਾ, ਸਿੱਖ ਗੁਰੂ ਦੇ ਹੁਕਮ ਤੋਂ ਬੇਮੁਖ ਹੋ ਗਏ, ਪੰਜਾਬ ਵੀ ਗੁਲਾਮ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਲੋਕਾਂ ਨੂੰ ਨਾਮ-ਬਾਣੀ ਅਤੇ ਸਿੱਖੀ-ਰਹਿਤ ਮਰਿਯਾਦਾ ਨਾਲ ਜੋੜਿਆ। ਦੇਸ਼ ਆਜ਼ਾਦੀ ਲਈ ਨਵੀਆਂ ਪੈੜਾਂ ਪਾਈਆਂ। ਆਪ ਦਾ ਸਾਜਿਆ ਪੰਥ ਅੱਜ ਵੀ ਸਮਾਜ ਵਿਚ ਆਪਣੀ ਵੱਖਰੀ ਪਹਿਚਾਨ ਰੱਖਦਾ ਹੈ। ਨਾਮਧਾਰੀ ਸਮਾਜ ਨਸ਼ਿਆਂ ਅਤੇ ਸਮਾਜਿਕ ਕੁਰੀਤੀਆਂ ਤੋਂ ਬਚਿਆ ਹੋਇਆ ਹੈ। ਵਰਤਮਾਨ ਸਤਿਗੁਰੂ ਜੀ ਕਿੰਨੀ ਖੇਚਲ ਕਰਕੇ ਸਾਨੂੰ ਦਰਸ਼ਨ ਦੇਂਦੇ ਹਨ। ਅਸੀਂ ਆਪਣੇ ਬੱਚਿਆਂ ਨੂੰ ਮਾੜੀਆਂ ਆਦਤਾਂ ਤੋਂ ਬਚਾ ਸਿੱਖੀ ਨਾਲ ਜੋੜੀਏ। ਇਸੇ ਵਿਚ ਸਾਡਾ ਸਭ ਦਾ ਭਲਾ ਹੈ। ਏਨੇ ਸ਼ਬਦਾਂ ਨਾਲ ਖਿਮਾਂ ਦਾ ਜਾਚਕ ਹਾਂ।

ਉਪਰੰਤ ਐਲ. ਏ. ਦੇ ਬੱਚੇ-ਬੱਚੀਆਂ ਨੇ ਸ਼ਬਦ ਗਾਇਨ ਕੀਤਾ। ਇਨ੍ਹਾਂ ਨੂੰ ਬੀਬੀ ਗੁਰਮੀਤ ਕੌਰ ਸੁਪਤਨੀ ਸਮਸ਼ੇਰ ਸਿੰਘ ਨੇ ਗਾਇਨ ਦੀ ਸਿਖਿਆ ਦਿੱਤੀ ਸੀ। ਪਹਿਲਾ ਸ਼ਬਦ ਬੀਬੀ ਗਿਆਨ ਕੌਰ,ਅਰਸ਼ਦੀਪ ਕੌਰ ਅਤੇ ਧਿਆਨ ਕੌਰ ਨੇ 'ਕਵਨ ਸੰਜੋਗ ਮਿਲਉ ਪ੍ਰਭ ਅਪਨੇ' ਅਤੇ ਦੂਸਰਾ ਸ਼ਬਦ 'ਗੁਰਿ ਪੂਰੈ ਮੇਰੀ ਰਾਖਿ ਲਈ' ਗਾਇਨ ਕੀਤਾ, ਤਬਲੇ ਤੇ ਸੰਗਤ ਸਮਸ਼ੇਰ ਸਿੰਘ ਨੇ ਕੀਤੀ। ਇਨ੍ਹਾਂ ਤੋਂ ਬਾਅਦ ਸਿਮਰਨ ਕੌਰ ਅਤੇ ਗੁਰਦੇਵ ਕੌਰ ਨੇ 'ਗੁਰ ਰਾਮਦਾਸ ਰਾਖਹੁ ਸਰਣਾਈ' ਅਤੇ ਦੂਸਰਾ ਸ਼ਬਦ 'ਮੇਰੇ ਲਾਲਨ ਕੀ ਸੋਭਾ' ਗਾਇਨ ਕੀਤਾ। ਕਾਕਾ ਨਿਹਾਲ ਸਿੰਘ ਸਪੁਤ੍ਰ ਨਵਦੀਪ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਕਵਿਤਾ ਪੜੀ। 'ਮਿੱਠੀਆਂ ਮਿੱਠੀਆਂ ਗੱਲਾਂ ਕਰਕੇ ਸਭ ਦਾ ਮਨ ਪਰਚਾਉਂਦੇ ਸੀ।'

ਕਾਕਾ ਜਸਵੰਤ ਸਿੰਘ ਨੇ ਸਤਿਗੁਰੂ ਰਾਮ ਸਿੰਘ ਬਾਰੇ 'ਛੇਤੀ ਆ ਕੇ ਦੇਹ ਦੀਦਾਰ ਪ੍ਰੀਤਮ' ਕਵਿਤਾ ਪੜੀ ਅਤੇ ਕਾਕਾ ਅਰਸ਼ਦੀਪ ਨੇ 'ਉਸ ਕਲਿਜੁਗ ਵਿਚ ਆ ਕੇ ਸਤਿਜੁਗ ਵਰਤਾਇਆ' ਕਵਿਤਾ ਪੜੀ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਉਚੇਚਾ ਹੁਕਮ ਕਰਕੇ ਏਥੋਂ ਦੇ ਬੱਚੇ ਬੱਚੀਆਂ ਨੂੰ ਸੰਗਤ ਵਿਚ ਅੱਗੇ ਬਿਠਾ ਲਿਆ। ਸ੍ਰੀ ਸਤਿਗੁਰੂ ਜੀ ਨੇ ਬੱਚੇ, ਬਚੀਆਂ, ਨੌਜੁਆਨਾਂ ਨੂੰ ਸੰਬੋਧਨ ਕਰਦਿਆਂ ਫੁਰਮਾਇਆ:-

"ਤੁਸੀਂ ਪਰਬੰਧਕ ਵੀ, ਨੌਜੁਆਨ ਵੀ ਇਹ ਵਿਚਾਰ ਕਰਨੀ ਹੈ ਕਿ ਸਿੱਖੀ ਜਿੰਨੀ ਕੁ ਹੈਗੀ ਏ, ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਇਸਨੂੰ ਕਾਇਮ ਕਿਵੇਂ ਰੱਖ ਸਕਦੇ ਹਾਂ। ਤੁਸੀਂ ਇਹ ਬਿਲੀਵ(ਵਿਸ਼ਵਾਸ) ਕਰੋ ਕਿ ਜਿੰਨ੍ਹਾਂ-ਜਿਨਾਂ ਤੁਸੀਂ ਸਿੱਖੀ ਨਾਲ ਜੁੜੇ ਰਹੋਗੇ, ਉਨ੍ਹਾਂ ਹੀ ਤੁਹਾਨੂੰ ਸੁਖ ਰਹੇਗਾ। ਇਸ ਵਾਸਤੇ ਮੈਂ ਤੁਹਾਡੇ ਨਾਲ ਮੀਟਿੰਗ ਕਰਨਾ ਚਾਹੁੰਦਾ ਸੀ, ਤੁਹਾਡੇ ਚੋਂ ਕੋਈ ਵੀ ਬੋਲਣਾ ਚਾਹੇ ਤਾਂ ਮੈਨੂੰ ਖੁਸ਼ੀ ਹੋਵੇਗੀ। ਮੈਂ ਇਹ ਨਹੀਂ ਚਾਹੁੰਦਾ ਕਿ ਸਿਰਫ਼ ਮੈਂ ਬੋਲੀ ਜਾਵਾਂ ਤੁਸੀ ਸੁਣੀ ਜਾਉ। ਤੁਹਾਡੇ ਵਿਚਾਰ, ਤੁਹਾਡਾ ਇੰਟਰੈਕਸ਼ਨ ਚੰਗਾ ਲਗੇਗਾ। ਮੈਨੂੰ ਇਹ ਵੀ ਪਤਾ ਲੱਗੇਗਾ ਕਿ ਤੁਸੀਂ ਸੁਣਦੇ ਹੋ ਤੁਹਾਨੂੰ ਸਮਝ ਵੀ ਆਉਂਦੀ ਹੈ। ਇਸ ਕਰਕੇ ਜੀਅ ਕਰਦਾ ਹੈ ਕਿ ਤੁਸੀਂ ਐਕਟਿਵ ਪਾਰਟੀਸਿਪੈਂਟ ਹੋਵੋ। ਤੁਸੀਂ ਕੁਅਸ਼ਚਨ (ਸੁਆਲ) ਪੁੱਛੋ ਤੁਹਾਨੂੰ ਕਿਊਰੈਸਟੀ (ਜਗਿਆਸਾ) ਹੋਵੇ। ਜੇ ਤੁਸੀਂ ਕੁਝ ਪੁੱਛਣਾ ਜਾਂ ਕੋਈ ਗੱਲ ਕਰਨੀ ਚਾਹੋ ਤਾਂ ਕੋਈ ਵੀ ਬੱਚਾ ਬੋਲ ਸਕਦਾ ਹੈ।"

ਬੱਚੇ ਸ੍ਰੀ ਸਤਿਗੁਰੂ ਜੀ ਦੇ ਸਾਹਮਣੇ ਕੋਈ ਸੁਆਲ ਕਰਨੋ ਝਿਜਕਦੇ ਸਨ ਪਰ ਫੇਰ ਵੀ ਸ੍ਰ. ਪ੍ਰੀਤਮ ਸਿੰਘ ਦੇ ਪੋਤਰੇ 13-14 ਸਾਲ ਦੇ ਬੱਚੇ ਨੇ ਸੁਆਲ ਕੀਤਾ—

***Q:*** *What is religion and what religion teaches us?*

***A:*** *Religion teaches us, how to live proper life. How to be good with your family and friends. How to give back what the society is giving you.*

***Sri Satguru Ji:*** *Excellent! In fact, what you are saying, religion does teach us all these things and much more. One of the basic purposes of coming in sangat is to get rid off jealousy. Once there was all-religion conference in Japan, And there was a question from lot of University students to everyone on the dias. That could you tell us, "What is the common religion of everyone and Satguru Jagjit Singh Ji's Answer was "truth is the common religion to everyone," Satguru Ji further said "Even an atheist won't tell you not to speak truth." Eventually the ultimate truth is "almighty god". Nothing else is truth, this is all an illusion created by the almighty. This is also one* of the reason that we always speak truth. *The basis of the religion, starts with being a good human brain and then you should stay at there.*

*All of you should actively participate in that you can do research, because now Gurbani is translated in north most of the languages and once you start on that part, you can find, that you can probabily tell us much more than what we already know.*

(ਸ੍ਰੀ ਸਤਿਗੁਰੂ ਜੀ ਦੇ ਆਸਣ ਦੇ ਪਾਸ ਖੱਬੇ ਪਾਸੇ ਬੈਠੇ) ਨੌਜੁਆਨ ਨਵਦੀਪ ਸਿੰਘ ਨੇ ਅਰਜ਼ ਕੀਤੀ, "ਗ੍ਰੀਬ ਨਿਵਾਜ਼ ਜੀ, ਆਪ ਜੀ ਦੀ ਕਿਰਪਾ ਨਾਲ ਏਥੇ ਨਾਮਧਾਰੀ ਪ੍ਰਵਾਰਾਂ ਵਿਚ ਰਾਗ ਸਿੱਖਣ ਵਾਲੇ ਬੱਚੇ ਵੀ ਹਨ, ਜੋ ਕੁਝ ਸ਼ਬਦ ਗਾ ਲੈਂਦੇ ਹਨ, ਏਥੇ ਕੋਈ ਰਾਗੀ ਸਿੰਘ ਆ ਜਾਵੇ, ਕੋਈ ਕੀਰਤਨ ਕਰਨਾ ਸਿਖਾਵੇ, ਕੋਈ ਤਬਲਾ ਸਿਖਾਉਣ ਵਾਲਾ ਹੋਵੇ। ਆਪ ਜੀ ਕਿਰਪਾ ਕਰਕੇ ਕਿਸੇ ਨੂੰ ਭੇਜ ਦਿਉ।"

ਸ੍ਰੀ ਸਤਿਗੁਰੂ ਜੀ:- "ਨਵਦੀਪ ਉਹ ਪ੍ਰੋਗਰਾਮ ਬਣਾ ਲਵਾਂਗੇ, ਗੁਰਬਾਣੀ ਦੀ ਸਿੱਖਿਆ ਵੀ ਹੋ ਸਕਦੀ ਹੈ, ਰਾਗ ਦੀ ਵੀ ਹੈ, ਈਵਨ ਪੰਜਾਬੀ ਵੀ, ਇਕ ਹੋਰ ਚੀਜ਼ ਮੈਂ ਕਹਿਣਾ ਚਾਹੁੰਦਾ ਹਾਂ, ਜਿੰਨੀਆਂ ਵੀ ਲੈਂਗੁਏਜਜ਼ (ਭਾਸ਼ਾਵਾਂ) ਤੁਸੀ ਸਿੱਖੋ ਪਰ ਪੰਜਾਬੀ ਨਾ ਭੁੱਲੋ, ਸਗੋਂ ਪੰਜਾਬੀ ਪਹਿਲੋਂ ਸਿੱਖੋ ਕਿਉਂਕਿ ਸਾਡੇ ਮਾਂ, ਪਿਉ, ਦਾਦੇ, ਪੜਦਾਦਿਆਂ ਦੀ ਲੈਂਗੁਏਜ਼ ਹੈ, ਪਰ ਘਰ ਵਿਚ ਤੁਸੀਂ ਪੰਜਾਬੀ ਬੋਲਿਆ ਕਰੋ, ਏਥੇ ਇੰਗਲਿਸ਼ ਤਾਂ ਬੱਚਿਆਂ ਨੂੰ ਆ ਹੀ ਜਾਣੀ ਹੈ, ਉਸਦੀ ਕੋਈ ਪਰਾਬਲਮ (ਸਮੱਸਿਆ) ਨਹੀਂ, ਬੱਚਿਆਂ ਨੇ ਸਕੂਲ ਵਿਚ ਜਾਣਾ ਹੈ,ਉੱਥੇ ਅੰਗ੍ਰੇਜ਼ੀ ਆ ਹੀ ਜਾਣੀ ਹੈ। ਪਰ ਆਪਣੀ ਮਾ ਬੋਲੀ ਪੰਜਾਬੀ ਨੂੰ ਆਪਾ ਜਰੂਰ ਸਾਂਭ ਕੇ ਰਖੀਏ,-ਠੀਕ ਹੈ ਤੁਹਾਡੀ ਗਲ, ਨਵਦੀਪ ਸਿੰਘ, ਬਲਵੰਤ ਸਿੰਘ ਨੇ ਆਖਿਆ ਹੈ ਆਪਾਂ ਏਥੇ ਕੋਈ ਨਾ ਕੋਈ ਕੈਂਪ ਕਰਦੇ ਰਹੀਏ, ਆਪਾਂ ਜਰੂਰ ਕਰਾਂਗੇ। ਸੰਗੀਤ ਦਾ, ਗੁਰਬਾਣੀ ਦਾ, ਪੰਜਾਬੀ ਵਾਸਤੇ ਵੀ ਕਰ ਸਕਦੇ ਹਾਂ। ਬੱਚੇ ਆਇਆ ਕਰਨਗੇ ਤਾਂ ਉਸਦਾ ਪ੍ਰਬੰਧ ਆਪਾਂ ਜਰੂਰ ਕਰ ਲਵਾਂਗੇ। ਬਾਕੀ ਮੈਂ ਯੰਗਸਟਰਜ਼ ਨੂੰ, ਕਿ ਕੋਈ ਵੀ ਤੁਹਾਡਾ ਕੁਅਸ਼ਚਨ ਹੋਵੇ ਸ਼ਾਮ ਨੂੰ, ਕਲ ਸਵੇਰ ਤਕ ਏਥੇ ਹਾਂ ਤੁਸੀਂ ਬਿਨਾਂ ਹੈਸੀਟੇਸ਼ਨ ਪੁੱਛ ਸਕਦੇ ਹੋ। ਤੁਸੀਂ ਕਿਸੇ ਵੇਲੇ ਮੈਨੂੰ ਮੇਲ ਵੀ ਕਰ ਸਕਦੇ ਹੋ ਆਪਣੇ ਕੁਅਸਚਨ।

ਅਵੈਂਚੁਅਲੀ ਮੇਰੀ ਅਰਦਾਸ ਹੈ ਕਿ ਅਸੀਂ ਸਤਿਗੁਰੂ ਸੱਚੇ ਪਾਤਸ਼ਾਹ ਦਾ ਸੁਨੇਹਾ ਸਭ ਤਕ ਪਹੁੰਚਾ ਸਕੀਏ। ਇਕ ਵਾਰੀ ਆਪਾਂ ਬੜੇ ਪਿਆਰ ਨਾਲ ਯਾਦ ਕਰੀਏ- ਧੰਨ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ। ਕਿਉਂਕਿ ਐਹ ਜਿਹੜੀ ਸਾਰੀ ਫਿਲੌਸਫੀ ਅਸੀਂ ਲੈ ਕੇ ਚਲਦੇ ਹਾਂ, ਇਸਦੀ ਸ਼ੁਰੂਆਤ ਗੁਰੂ ਨਾਨਕ ਸੱਚੇ ਪਾਤਸ਼ਾਹ ਤੋਂ ਹੁੰਦੀ ਹੈ। ਅਸੀਂ ਗੁਰੂ ਨਾਨਕ ਦਾ ਸੱਚ ਲੋਕਾਂ ਤਕ ਪਹੁੰਚਾ ਸਕੀਏ। ਸਤਿਗੁਰੂ ਰਾਮ ਸਿੰਘ ਜੀ ਨੇ ਜੋ ਚਾਨਣ ਸਾਨੂੰ ਬਖਸ਼ਿਆ ਹੈ ਅਸੀਂ ਸਾਰਿਆਂ ਤਕ ਪੁਚਾ ਸਕੀਏ। ਆਪ ਵੀ ਉਸ ਤੇ ਚਲ ਕੇ ਸੁਖੀ ਰਹਿ ਸਕੀਏ। ਇਸ ਵਾਸਤੇ ਜੋ ਵੀ ਸੇਵਾ ਦੀ ਮੇਰੇ ਵਲੋਂ ਲੋੜ ਹੋਵੇਗੀ, ਸ੍ਰੀ ਭੈਣੀ ਸਾਹਿਬ ਤੋਂ ਲੋੜ ਹੋਵੇਗੀ, ਤੁਹਾਡੇ ਨਾਲ ਹਾਂ ਪਰ ਅੱਗੇ ਲੱਗ ਕੇ ਤੁਸੀਂ ਤੁਰਨਾ ਹੈ। ਏਨੀਂ ਅਰਜ਼ ਬੇਨਤੀ ਕਰਕੇ ਤੁਹਾਡੇ ਤੋਂ ਆਗਿਆ ਲੈਂਦਾ ਹਾਂ।

ਉਪਰੰਤ ਏਥੇ ਹਾਲ ਵਿਚ ਹੀ ਲੰਗਰ ਵਰਤਾਇਆ ਗਿਆ। ਓਪਰੰਤ ਗ੍ਰੀਬ ਨਿਵਾਜ਼ ਜੀ ਨੇ ਬੀਬੀ ਨਵਨੀਤ ਕੌਰ ਸੁਪਤਨੀ ਮਨਦੀਪ ਸਿੰਘ (ਕਾਕਾ ਜੈ ਸਿੰਘ ਦੀ ਸਾਲੀ) ਦੇ ਘਰ ਚਰਨ ਪਾਏ। ਲੰਗਰ ਛਕ ਕੇ ਕੁਝ ਹੋਰ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਬੀਬੀ ਕੁਲਵਿੰਦਰ ਕੌਰ ਸੁਪਤਨੀ ਸਤਨਾਮ ਸਿੰਘ ਸਪੁਤਰ ਜੋਗਿੰਦਰ ਸਿੰਘ ਦੇ ਘਰ ਚਰਨ ਪਾਏ ਇਨ੍ਹਾਂ ਲੰਗਰ ਦੀ ਅਰਜ਼ ਕੀਤੀ ਸੀ। ਪਰ ਸਮੇਂ ਅਨੁਸਾਰ ਏਸ ਘਰ ਜਲ ਪਾਣੀ (ਜੂਸ ਵਗੈਰਾ) ਛਕਿਆ। ਡੇਰੇ ਆ ਕੇ ਕੁਝ ਸਮਾਂ ਅਰਜ਼ਾਂ ਸੁਣੀਆਂ। ਲੁਧਿਆਣੇ ਦੇ ਸ਼ਾਹਪੁਰੀਆ ਦੇ ਲੜਕੇ ਕਾਕਾ ਮਾਨ ਸਿੰਘ ਦੀ ਆਪਣੀ ਘਰਵਾਲੀ ਨਾਲ ਅਨਬਣ ਹੈ, ਸੂਬਾ ਹਰਭਜਨ ਸਿੰਘ ਅਤੇ ਸੇਵਕ ਹਰਪਾਲ ਸਿੰਘ ਨੇ ਦੋਹਾਂ ਧਿਰਾਂ ਦੀ ਗੱਲ-ਬਾਤ ਸੁਣੀ। ਸਤਿਗੁਰੂ ਜੀ ਨੇ ਵੀ ਦੋਹਾਂ ਧਿਰਾਂ ਨੂੰ ਸਮਝਾਇਆ। ਗ੍ਰੀਬ ਨਿਵਾਜ਼ ਜੀ ਦੀ ਹਮੇਸ਼ਾਂ ਕੋਸ਼ਿਸ਼ ਹੁੰਦੀ ਹੈ ਕੋਈ ਵੀ ਪ੍ਰਵਾਰ ਟੁੱਟੇ ਨਾ ਇਸ ਵਾਸਤੇ ਆਪ ਜੀ ਬਹੁਤ ਰੁਝੇਵਿਆਂ ਵਿਚੋਂ ਬਹੁਤ ਸਮਾਂ ਦੇ ਕੇ, ਸਮਝਾ-ਬੁਝਾ ਕੇ ਨਵ-ਵਿਆਹੇ ਜੋੜਿਆਂ ਨੂੰ ਵੱਸਦੇ ਕਰਦੇ ਹਨ।

ਦੁਪਹਿਰ ਗ੍ਰੀਬ ਨਿਵਾਜ਼ ਜੀ ਸਿੱਖਾਂ ਸੇਵਕਾਂ ਸਹਿਤ ਡੇਰਿਉਂ ਰਵਾਨਾ ਹੋ CLARKS ORGANIC STORE ਤੇ ਗਏ, ਫਲਾਂ ਅਤੇ ਸਬਜ਼ੀਆਂ ਦੇ ਸਟਾਲ ਵੇਖੇ। ਏਥੋਂ ਕੁਝ ਘਰਾਂ ਵਿਚ ਚਰਨ ਪਾਏ।

- ਕਰਨਪ੍ਰੀਤ ਸਿੰਘ ਸਪੁਤ੍ਰ ਬਲਵਿੰਦਰ ਸਿੰਘ, ਸਰਬਜੀਤ ਕੌਰ ਦੇ ਘਰ ਚਰਨ ਪਾਏ ਅਤੇ
- ਹਰਜਿੰਦਰ ਸਿੰਘ ਦੇ ਘਰ ਕਿਰਪਾ ਕੀਤੀ ਪ੍ਰਵਾਰ ਦੇ ਸਾਰੇ ਜੀਆਂ ਨੂੰ ਨਾਮ-ਸਿਮਰਨ ਅਤੇ ਰਹਿਤ- ਮਰਿਆਦਾ ਵਿਚ ਰਹਿਣ ਲਈ ਪ੍ਰੇਰਿਆ।

ਦੁਪਹਿਰੇ 2 ਕੁ ਵਜੇ ਸ: ਬਲਦੇਵ ਸਿੰਘ ਸਪੁਤਰ ਸੰਤ ਦਲੀਪ ਸਿੰਘ ਦੇ ਘਰ ਕਿਰਪਾ ਕੀਤੀ। ਘਰ ਵਾਲਿਆਂ ਬੜੇ ਚਾਅ ਨਾਲ ਸ੍ਰੀ ਸਤਿਗੁਰੂ ਜੀ ਦਾ ਸ੍ਵਾਗਤ ਕੀਤਾ। ਅੱਜ ਡੇਰਾ ਏਸੇ ਘਰ ਹੋਵੇਗਾ।

ਸ਼ਾਮ ਦਾ ਪ੍ਰੋਗਰਾਮ ਨਾਮ ਸਿਮਰਨ 5 ਤੋਂ 6 ਕਮਿਉਨਿਟੀ ਸੈਂਟਰ ਦੇ ਹਾਲ ਵਿਚ ਹੋਇਆ। ਨਾਮ-ਸਿਮਰਨ ਦੌਰਾਨ ਪਹਿਲੋਂ ਸੰਤ ਨਿਸ਼ਾਨ ਸਿੰਘ ਜੀ ਨੇ- "ਰਾਮ ਜਪਉ ਜੀਅ ਐਸੇ ਐਸੇ, ਧ੍ਰੂ ਪ੍ਰਹਲਾਦ ਜਪਿਓ ਹਰਿ ਜੈਸੇ" ਗੁਰੂ ਵਾਕ ਅਧਾਰਤ ਬੜੀ ਵਿਧਵਤਾ ਭਰਪੂਰ ਕਥਾ ਕੀਤੀ। ਆਪ ਨੇ ਗੁਰੂ ਹੁਕਮ ਦੇ ਬੰਧਨ ਵਿਚ ਰਹਿਣ ਬਾਰੇ, ਭਗਤੀ ਕਰਨ ਬਾਰੇ, ਦੱਸਿਆ ਕਿ ਪੂਰਨ ਸਮਰਪਣ ਹੀ ਪੂਰਨ ਗੁਰਮਤਿ ਹੈ।

ਸੰਤਾਂ ਤੋਂ ਬਾਦ ਸੇਵਕ ਹਰਪਾਲ ਸਿੰਘ ਨੇ 15 ਕੁ ਮਿੰਟ ਕੁਝ ਬੇਨਤੀਆਂ ਕੀਤੀਆਂ। ਸੰਖੇਪ ਸਾਰ: "ਸਾਧ ਸੰਗਤ ਜੀ ਜਿਵੇਂ ਦੁਨਿਆਦਾਰੀ ਵਿਚ ਉੱਚ ਪਦਵੀ ਅਤੇ ਮਾਣ ਪ੍ਰਤਿਸ਼ਠਾ ਹਾਸਲ ਕਰਨ ਲਈ ਅਸੀਂ ਸਕੂਲਾਂ ਕਾਲਜਾਂ ਵਿਚ ਉੱਚ ਵਿਦਿਆ ਪ੍ਰਾਪਤ ਕਰਦੇ ਹਾ। ਪਰ ਗੁਰਮਤਿ ਅਨੁਸਾਰ-'ਕਹੁ ਕਬੀਰ ਜੀਵਨ ਪਦ ਕਾਰਨ ਹਰਿ ਕੀ ਭਗਤਿ ਕਰੀਜੈ।' ਹਰੀ ਦੀ ਭਗਤੀ ਦੁਆਰਾ ਹੀ ਜੀਵਨ ਪਧਤੀ ਪ੍ਰਾਪਤ ਹੁੰਦੀ ਹੈ ਪਰ ਪ੍ਰਭੂ ਭਗਤੀ, ਗੁਰੂ ਕਿਰਪਾ ਦੁਆਰਾ ਸਫਲ ਹੈ। ਮਨ ਨੂੰ ਮੁਖ ਰੱਖ ਕੇ ਕੀਤੀ ਭਗਤੀ ਕਿਸੇ ਲੇਖੇ ਨਹੀਂ ਲੱਗਦੀ। 'ਸਨਮੁਖ ਭਗਤਿ ਕਰੇ ਬਿਨ ਸਤਿਗੁਰ ਭਗਤਿ ਨ ਹੋਈ' ਗੁਰਮਤਿ ਅਨੁਸਾਰ ਸਾਡੇ ਜੀਵਨ ਦਾ ਕੋਈ ਵੀ ਪਹਿਲੂ ਨਹੀਂ ਜੋ ਸੁਤੰਤਰ ਹੋਵੇ। ਗੁਰਸਿਖ ਦਾ ਖਾਣਾ-ਪੀਣਾ, ਬਾਣਾ, ਜੀਵਨ ਸ਼ੈਲੀ ਉਹੀ ਪ੍ਰਵਾਨ ਹੈ ਜੋ ਗੁਰੂ ਹੁਕਮ ਅਨੁਸਾਰ ਹੈ। ਹੁਕਮ ਹੁਕਮ ਦੀ ਰਾਮ ਕਾਰ ਤੋਂ ਬਾਹਰ ਦੁੱਖ ਹੀ ਦੁਖ ਹਨ। 'ਬੰਦੀ ਅੰਦਰਿ ਸਿਫਤਿ ਕਰਾਏ ਤਾ ਕੋ ਕਹੀਐ ਬੰਦਾ' ਜੋ ਗੁਰੂ ਹੁਕਮ ਦੇ ਬੰਦਨ ਵਿਚ ਰਹਿੰਦਾ ਹੈ ਉਹੀ ਬੰਦਾ ਅਖਵਾਉਣ ਦਾ ਹੱਕਦਾਰ ਹੈ। ਕੁਝ ਨਾ ਦੇ ਵਿਚਾਰ ਹਨ ਕਿ ਜਿਸਨੂੰ ਮੁਸਲਮਾਨ ਸ਼ਰ੍ਹਾ ਆਖਦੇ ਹਨ। ਮਜਿਮੂਦ ਸ਼ਾਵਿਤ੍ਰੀ ਦਾ ਕਥਨ ਹੈ, "ਸ਼ਰ੍ਹਾ ਫਲ ਦੀ ਛਿਲੜ ਵਾਂਗ ਹੈ, ਜੋ ਖਾਣ ਦੇ ਕੰਮ ਨਹੀਂ ਆਉਂਦੀ ਪਰ ਫਲ ਦੀ ਰੱਖਿਆ ਕਰਦੀ ਹੈ। ਇਸੇ ਤਰ੍ਹਾਂ ਬਾਹਰੀ ਰਹਿਤ ਮਰਿਯਾਦਾ ਦਾ ਸਿੱਧੇ ਤੌਰ ਅੰਤਰੀਵ ਧਰਮ ਨਾਲ ਸੰਬੰਧ ਨਹੀਂ ਪਰ ਇਸਦਾ ਤਿਆਗ ਕਰਨ ਨਾਲ ਸਾਡੇ ਧਰਮ ਨੂੰ ਏਸੇ ਤਰ੍ਹਾਂ ਠੇਸ ਪਹੁੰਚਦੀ ਹੈ। ਜਿਵੇਂ ਫਲ ਛਿੱਲ ਕੇ ਰੱਖਣ ਨਾਲ ਖਰਾਬ ਹੋ ਜਾਂਦਾ ਹੈ। ਮਨ ਅਤੇ ਸਰੀਰ ਨੂੰ ਵੱਖੋ-ਵੱਖ ਨਹੀਂ ਕੀਤਾ ਜਾ ਸਕਦਾ।

**ਚੱਲਦਾ...**

# ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿਚ ਮੇਲ

14-9-2018 ਸ੍ਰੀ ਭੈਣੀ ਸਾਹਿਬ -ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਸ੍ਰੀ ਭੈਣੀ ਸਹਿਬ ਵਿਖੇ ਇਸ ਵਾਰ ਵੀ ਮੇਲਾ ਮਨਾਇਆ ਜਾਂਦਾ ਹੈ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਕੀਤਾ। ਉਪਰੰਤ ਦੁਪਹਿਰ ਵੇਲੇ ਜਥੇਦਾਰਾਂ ਨੇ ਹੱਲੇ ਦੇ ਦੀਵਾਨ ਸਜਾ ਕੇ ਮਾਤਾ ਜੀ ਦੇ ਜੀਵਨ ਉੱਤੇ ਚਾਨਣਾ ਪਾਇਆ। ਦੁਪਹਿਰ ਵੇਲੇ ਇਕ ਘੰਟਾ ਨਿਤਨੇਮ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਨ ਕੀਤਾ ਗਿਆ। ਉਪਰੰਤ ਪਾਠਾਂ ਦੇ ਭੋਗ ਪਾਏ ਗਏ। ਪਾਠਾਂ ਦੇ ਭੋਗ ਤੋਂ ਬਾਅਦ ਸੇਵਕ ਹਰਪਾਲ ਸਿੰਘ ਜੀ ਨੇ ਕੁਝ ਸਮਾਂ ਮਾਤਾ ਭੁਪਿੰਦਰ ਕੌਰ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਉਪਰੰਤ ਹਜ਼ੂਰੀ ਰਾਗੀ ਸਿੰਘਾਂ ਨੇ ਕੀਰਤਨ ਗਾਇਨ ਕੀਤਾ।

**ਗੁਰਦੇਵ ਸਿੰਘ ਚੀਮਾ**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਸਾਲਾਨਾ ਜਪ-ਪ੍ਰਯੋਗ ਆਰੰਭ

**ਪ੍ਰਯੋਗ ਦੀ ਆਰੰਭਤਾ**:- ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ 17 ਅਕਤੂਬਰ ਦਿਨ ਸੋਮਵਾਰ ਨੂੰ ਅੰਮ੍ਰਿਤ ਵੇਲੇ ਠੀਕ 2 ਵਜੇ ਸ੍ਰੀ ਭੈਣੀ ਸਾਹਿਬ ਇਸ ਮਹਾਨ ਜਪ-ਪ੍ਰਯੋਗ ਦੀ ਆਰਭੰਤਾ ਹੋਈ। ਅਰਦਾਸ ਸੂਬਾ ਬਲਵਿੰਦਰ ਸਿੰਘ ਨੇ ਕੀਤੀ। ਇਸ ਤੋਂ ਪਹਿਲਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਜਪ-ਪ੍ਰਯੋਗ ਆਰੰਭਤਾ ਦੀ ਅਰਦਾਸ ਕੋਠੀ ਵਿਚ ਧੂਪ, ਦੀਪ, ਕੁੰਭ, ਨਾਰੀਅਲ ਰੱਖ ਕੇ ਕੀਤੀ ਗਈ। ਜਪ ਪ੍ਰਯੋਗ ਸ਼ੁਰੂ ਹੋਣ ਤੋਂ ਪਹਿਲਾਂ ਸੋਧੀ ਸਿੰਘਾਂ ਨੂੰ ਅੰਮ੍ਰਿਤ ਛਕਾਉਣ ਦੀ ਸੇਵਾ ਸੂਬਾ ਜਸਵੀਰ ਸਿੰਘ ਤੇ ਸੂਬਾ ਹਰਜੀਤ ਸਿੰਘ ਨੇ ਕੀਤੀ। ਜਪ ਪ੍ਰਯੋਗ ਦੌਰਾਨ ਬਿਰਧਾ ਦੀ ਸਹੂਲਤ ਲਈ ਨਾਮ ਸਿਮਰਨ ਵਿੱਚ ਜਾਣ ਲਈ ਗੱਡੀਆਂ ਦਾ ਇੰਤਜ਼ਾਮ ਵੀ ਕੀਤਾ ਗਿਆ। ਅੱਜ ਮਿਤੀ 17 ਤਾਰੀਖ ਨੂੰ ਸਿਮਰਤੀ ਮੰਦਰ ਸਾਧ ਸੰਗਤ ਨਾਲ ਭਰਪੂਰ ਸੀ। ਸਿੰਘਾਂ ਤੇ ਮਾਈਆਂ ਦੀਆਂ ਕਤਾਰਾਂ ਨਿਰੰਤਰ ਨਮਸਕਾਰ ਕਰ ਆਪਣੇ ਸਥਾਨ ਤੇ ਬੈਠ ਆਸਣ ਵਿਛਾ ਕੇ ਨਾਮ-ਸਿਮਰਨ ਕਰ ਰਹੀਆਂ ਸਨ। ਸਿਮਰਤੀ ਮੰਦਰ ਦੇ ਬਾਹਰ ਵੀ ਸੰਗਤਾਂ ਭਰਪੂਰ ਸਨ। ਠੀਕ 4 ਵਜੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਇਸਦੇ ਨਾਲ ਹੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਨਾਲ ਆਸਾ ਦੀ ਵਾਰ ਦਾ ਕੀਰਤਨ ਆਰੰਭ ਕਰ ਦਿੱਤਾ ਸੀ। ਵਾਰ ਦੇ ਦੌਰਾਨ ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੰਗਤ ਨੇ ਦਰਸ਼ਨ ਕੀਤੇ। ਰਾਗੀ ਸਿੰਘਾਂ ਨੇ ਅੱਸੂ ਦੇ ਮਹੀਨੇ ਦੀ ਸੰਗਰਾਂਦ ਦਾ ਸ਼ਬਦ ਗਾਇਨ ਕੀਤਾ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਜਸਵਿੰਦਰ ਸਿੰਘ ਗੁਲਾਟੀ ਨੇ ਕੁਝ ਕੁ ਮਿੰਟ ਨਾਮ ਦੇ ਉਪਰ ਬੋਲ ਕੇ ਆਪਣੇ ਵਿਚਾਰ ਪ੍ਰਗਟ ਕੀਤੇ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਪ੍ਰੋਗਰਾਮ ਨਿਰੰਤਰ ਇੱਕ ਮਹੀਨਾ ਚੱਲਦਾ ਰਹੇਗਾ। ਹਰ ਰੋਜ ਸਵੇਰੇ 2 ਵਜੇ ਤੋਂ 6 ਵਜੇ ਤਕ ਤੇ ਦੁਪਹਿਰ 12 ਵਜੇ ਤੋਂ 4 ਵਜੇ ਤਕ ਨਾਮ ਸਿਮਰਨ ਹੁੰਦਾ ਰਹੇਗਾ। ਸ਼ਾਮ ਨੂੰ ਜੋਟੀਆਂ ਦੇ ਸ਼ਬਦ ਪੜੇ ਜਾਣਗੇ। ਮਹੀਨਾ ਭਰ ਵਿਦਵਾਨਾਂ ਦੇ ਲੈਕਚਰ, ਜਥੇਦਾਰਾਂ ਦੇ ਦੀਵਾਨ, ਕਥਾ-ਕੀਰਤਨ ਹੁੰਦਾ ਰਹੇਗਾ। ਸਾਧ ਸੰਗਤ ਭਰਪੂਰ ਆਨੰਦ ਮਾਣੇਗੀ। ਆਪਣਾ ਜੀਵਨ ਸਫਲਾ ਕਰੇਗੀ। ਇਸ ਮੌਕੇ ਤੇ ਸ੍ਰੀ ਸਤਿਗੁਰੂ ਜੀ ਨੇ ਆਪਣਾ ਪਵਿੱਤਰ ਉਪਦੇਸ਼ ਵੀ ਸਾਧ ਸੰਗਤ ਦੇ ਭਲੇ ਲਈ ਦਿੱਤਾ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਜਪ-ਪ੍ਰਯੋਗ ਦੇ ਪਹਿਲੇ ਦਿਨ 17-9-2018 ਨੂੰ ਸਾਧ ਸੰਗਤ ਦੀ ਹਾਜ਼ਰੀ ਇਸ ਪ੍ਰਕਾਰ ਹੈ:-

ਸਿੰਘਾਂ ਦੀ ਗਿਣਤੀ:4240, ਬੀਬੀਆਂ ਦੀ ਗਿਣਤੀ:4875

ਕੁਲ ਜੋੜ:9115

**ਗੁਰਦੇਵ ਸਿੰਘ ਚੀਮਾ**



ਸ੍ਰੀ ਭੈਣੀ ਸਾਹਿਬ ਨਾਮ ਸਿਮਰਨ ਜਪ-ਪ੍ਰਯੋਗ ਸਮੇਂ ਸੰਤ ਗੁਰੂਬਚਨ ਸਿੰਘ ਜੀ ਕਥਾ ਕਰਦੇ ਹੋਏ।



ਮਾਸਟਰ ਦਰਸ਼ਨ ਸਿੰਘ ਜੀ ਅਤੇ ਸੁਖਵਿੰਦਰ ਸਿੰਘ ਲਾਇਲ ਹਿੰਦੀ ਦਾ ਗੁਟਕਾ-'ਨਾਮਧਾਰੀ ਨਿਤਨੇਮ' ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ। (24-9-2018, ਸ੍ਰੀ ਭੈਣੀ ਸਾਹਿਬ)



ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੀ ਕਥਾ ਕਰਦੇ : ਮਾਸਟਰ ਦਰਸ਼ਨ ਸਿੰਘ ਜੀ





(ਹੈਦਰਾਬਾਰ ) ਅਤੇ (ਜੰਮੂ)

ਦੀ ਸੰਗਤ ਨਾਮ ਸਿਰਮਰਨ ਜਪ ਪ੍ਰਯੋਗ 'ਚ ਹਿੱਸਾ ਲੈਂਦੇ।

Date of Publication: 3-10-2018,
Date of Posting: 4-5 Oct. 2018

RNI NO. 55658/93 Delhi Postal Regd. No. DL(W) 01/2055/18-20



15 ਸਤੰਬਰ 2018 ਸ਼ਹੀਦੀ ਮੇਲਾ ਸ੍ਰੀ ਅੰਮ੍ਰਿਤਸਰ-ਸ੍ਰੀ ਸਤਿਗੁਰੂ ਜੀ ਦੇ ਸਨਮੁਖ ਸੰਗਤ ਦਾ ਠਾਠਾਂ ਮਾਰਦਾ ਸਾਗਰ।



ਨਾਮ ਸਿਮਰਨ ਜਪ ਪ੍ਰਯੋਗ ਸਮੇਂ ਸੁਵਰਨ ਸਿੰਘ ਵਿਰਕ ਸ੍ਰੀ ਭੈਣੀ ਸਾਹਿਬ ਵਿਖੇ ਕਥਾ ਕਰਦੇ ਹੋਏ।



ਸ੍ਰੀ ਭੈਣੀ ਸਾਹਿਬ ਵਿਖੇ 23-9-2018 ਨੂੰ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਸੰਥਾ ਦੀ ਕਲਾਸ।

**Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.**